
# ਗੁਵਾਚਿਆ ਬਚਪਨ



ਸਿਮਰਨ ਲੁਧਿਆਣਵੀ

www.PunjabiLibrary.com

# ਗਵਾਚਿਆ ਬਚਪਨ

**ਸਿਮਰਨ ਲੁਧਿਆਣਵੀ**

**ਕੁੱ**ਝ ਬੰਦੇ ਡਾਂਗਾਂ ਮੋਢੇ ਤੇ ਉਲਾਰ ਕੇ ਨਾਲ ਦੇ ਘਰ ਜਗਜੀਤ ਹੁਰਾਂ ਦਾ ਦਰਵਾਜ਼ਾ ਭੰਨਦੇ ਨਜ਼ਰ ਆਏ। ਖੜਾਕ ਸੁਣਕੇ ਮੈਂ ਵੀ ਛੇਤੀ ਦੇਣੇ ਬਾਹਰ ਵੱਲ ਨੂੰ ਭੱਜਿਆ।

ਪਹਿਲਾ ਗੁਆਂਢੀ- ਕੀ ਗੱਲ ਹੋ ਗਈ...? ਐਡੀ ਰਾਤ ਨੂੰ ਇਹ ਲੋਕ ਦਰਵਾਜ਼ਾ ਕਿਉਂ ਪਿੱਟਣ ਡਹੇ ਨੇ...?

ਦੂਜਾ ਗੁਆਂਢੀ- ਪਤਾ ਨਹੀਂ ਭਰਾਵਾ...! ਲੱਗਦਾ ਗੱਲ ਕੋਈ ਵੱਡੀ ਹੀ ਹੈ... ਪੈਸਿਆਂ-ਪੂਸਿਆਂ ਦਾ ਚੱਕਰ ਲੱਗਦਾ ਹੈ ਮੈਨੂੰ ਤਾਂ...!

ਤੀਜਾ ਗੁਆਂਢੀ- ਆ... ਹੋ...! (ਲਫ਼ਜ਼ ਨੂੰ ਲਮਕਾਉਂਦਾ ਹੋਇਆ) ਪੈਸਿਆਂ ਦਾ ਹੀ ਚੱਕਰ ਹੈ... ਮੈਂ ਵੀ ਉੱਡਦੀ-੨ ਹੀ ਖ਼ਬਰ ਸੁਣੀ ਹੈ ਵੀ ਜਗਜੀਤ ਦੀ ਕਿਸੇ ਤੋਂ ਲੰਮੇ ਸਮੇਂ ਤੋਂ ਹੀ ਉਧਾਰੀ ਚੱਲਦੀ ਹੈ... ਅੱਜ ਜਦ ਮੂਲ ਮੋੜਨ ਦਾ ਵਕਤ ਆਇਆ ਹੋਣਾ, ਤਾਂ ਅਗਲਾ ਟਾਲ-ਮਟੋਲ ਕਰਦਾ ਹੋਣਾ...!

ਗੱਲਾਂ ਕਰਦੇ ਤਿੰਨੋਂ ਹੀ ਗੁਆਂਢੀ ਬੇਸ਼ਰਮ ਹੋਏ ਹੱਸਣ ਲੱਗ ਪਏ। ਜਦ ਮੈਂ ਉਹਨਾਂ ਦੇ ਕੋਲ ਗਿਆ ਤਾਂ ਉਹਨਾਂ ਮੈਨੂੰ ਕੁੱਝ ਵੀ ਨਾ ਦੱਸਿਆ। ਬੱਸ ਇਹ ਕਹਿ ਕੇ ਉਹ ਸਾਰੇ ਹੀ ਗੱਲ ਟਾਲ ਗਏ ਕਿ ਅਸੀਂ ਤਾਂ ਬੱਸ ਆਪਣੀਆਂ ਹੀ ਛੱਡਣ ਡਹੇ ਸੀ..!

ਇੰਨੇ ਨੂੰ ਜਗਜੀਤ ਹੁਰਾਂ ਦਾ ਦਰਵਾਜ਼ਾ ਖੁੱਲਣ ਦੀ ਆਵਾਜ਼ ਆਈ।

ਪਹਿਲਾ ਹਥਿਆਰਬੰਦ ਬੰਦਾ- ਜਗਜੀਤ ਕਿੱਥੇ ਐ..? ਸਾਲਾ ਜਿਹੜੀ ਥਾਲੀ 'ਚ ਖਾਂਦਾ, ਓਸੇ 'ਚ ਛੇਕ ਕਰਦਾ...!

ਇੱਕ ਗੰਦੀ ਜਿਹੀ ਗਾਲ੍ਹ ਕੱਢਕੇ ਪਹਿਲਾ ਹਥਿਆਰਬੰਦ ਬੰਦਾ, ਆਪਣੇ ਬਾਕੀ ਸਾਥੀਆਂ ਨੂੰ ਇਸ਼ਾਰਾ ਕਰਦਾ ਹੋਇਆ ਘਰ ਅੰਦਰ ਘੁਸਣ ਦੀ ਕੋਸ਼ਿਸ਼ ਕਰਨ ਲੱਗਾ। ਜਗਜੀਤ ਦੀ ਪਤਨੀ, ਜਿਸਨੇ ਕਿ ਦਰਵਾਜ਼ਾ ਖੋਲ੍ਹਿਆ ਸੀ, ਡਰਦੀ ਮਾਰੀ ਪਰ੍ਹਾਂ ਹੋ ਕੇ ਖੜ੍ਹ ਗਈ।

ਕੁੱਝ ਸਮੇਂ ਪਿੱਛੋਂ ਜਦ ਹਥਿਆਰਬੰਦ ਬੰਦੇ ਬਾਹਰ ਆਏ, ਤਾਂ ਉਹਨਾਂ ਦੇ ਪੀਲੇ-ਭੂਤ ਚੇਹਰੇ ਗੁੱਸੇ ਨਾਲ ਤਪੇ ਲਾਲ ਹੋਏ ਪਏ। ਉਹਨਾਂ ਵਿੱਚੋਂ ਇੱਕ ਜਗਜੀਤ ਦੀ ਪਤਨੀ ਨਿਮਰਤ ਨੂੰ ਕਹਿਣ ਲੱਗਾ," ਦੱਸ ਕਿੱਥੇ ਲੁਕਾਇਐ, ਆਪਣੇ ਖਸਮ ਨੂੰ...? ਜੇ ਇੱਕ ਵਾਰੀ ਹੱਥ ਲੱਗ ਗਿਆ ਨਾ, ਡੱਕਰੇ ਕਰ ਦਿਆਂਗੇ ਸਾਲੇ ਦੇ....!!

ਨਿਮਰਤ ਜੋ ਕਿ ਪਹਿਲਾਂ ਹੀ ਡਰੀ-ਸਹਿਮੀ ਜਿਹੀ ਖੜੀ ਸੀ, ਗੱਲ ਸੁਣ ਕੇ ਰੋਣਹੱਕੀ ਹੋ ਗਈ ਸੀ। ਉਸਦੇ ਮੂੰਹ ਵਿੱਚੋਂ ਚਾਹ ਕੇ ਵੀ ਇੱਕ ਸ਼ਬਦ ਨਹੀਂ ਸੀ ਫੁੱਟ ਰਿਹਾ। ਲਾਗੇ ਹੀ ਉਸਦੇ ਤਿੰਨ ਬੱਚੇ ਵੀ ਖੜੇ ਸਨ। ਉਹ ਵੀ ਆਪਣੀ ਮਾਂ ਦੇ ਦੁਆਲੇ ਹੀ ਲੁਕੇ-ਛਿਪੇ ਜਿਹੇ ਖੜ੍ਹੇ ਸਭ ਕੁੱਝ ਵੇਖ ਰਹੇ ਸਨ।

ਮੈਨੂੰ ਮਾਂ ਤੇ ਉਸਦੇ ਬੱਚਿਆਂ ਦੀ ਇਹ ਹਾਲਤ ਵੇਖ ਕੇ ਬੜਾ ਤਰਸ ਆ ਰਿਹਾ ਸੀ। ਮੈਂ ਚਾਹੁੰਦਾ ਸੀ ਕਿ ਮੈਂ ਤੁਰਤ ਹੀ ਪੁਲਿਸ ਨੂੰ ਫ਼ੋਨ ਕਰਾਂ ਤੇ ਦੱਸਾਂ ਕਿ ਕਿੱਦਾਂ ਇਹ ਹਥਿਆਰਬੰਦ ਬੰਦੇ ਬਨਾਮ ਗੁੰਡੇ ਇੰਨੀ ਰਾਤ ਗਏ ਕਿਸੇ ਗ਼ਰੀਬ ਦੇ ਘਰ ਆ ਕੇ ਸ਼ਰੇਆਮ ਹੀ ਧਮਕੀਆਂ ਦੇ ਰਹੇ ਸਨ। ਪਰ ਫਿਲਹਾਲ ਤਾਂ ਮੈਨੂੰ ਆਪ ਹੀ ਅਸਲ ਮਸਲੇ ਦੀ ਕੋਈ ਸਮਝ ਨਹੀਂ ਸੀ ਪੈ ਰਹੀ।

ਤਦੇ ਨਿਮਰਤ ਚੁੰਨੀ ਦੇ ਲੜ ਨਾਲ ਆਪਣੀਆਂ ਅੱਖਾਂ ਪੂੰਝਦੀ ਹੋਈ ਆਖਣ ਲੱਗੀ," ਸਾਬ੍ਹ, ਸਾਨੂੰ ਨਹੀਂ ਪਤਾ ਉਹ ਕਿੱਥੇ ਨੇ... ਪਿਛਲੇ ਦੋ ਦਿਨਾਂ ਤੋਂ ਤਾਂ ਉਹ ਘਰ ਹੀ ਨਹੀਂ

ਆਏ... ਅਸੀਂ ਤਾਂ ਆਪ ਉਹਨਾਂ ਨੂੰ ਟੋਲਦੇ ਮਾਰੇ-੨ ਫਿਰ ਰਹੇ ਹਾਂ... ਬੇਨਤੀ ਹੈ ਸਾਬ੍ਹ..! ਏਦਾਂ ਸਾਡੇ ਘਰ ਆ ਕੇ ਤਮਾਸ਼ਾ ਨਾ ਬਣਾਓ...!"

ਨਿਮਰਤ ਵਿਚਾਰੀ ਉਹਨਾਂ ਹਥਿਆਰਬੰਦ ਬੰਦਿਆਂ ਅੱਗੇ ਬੇਨਤੀਆਂ-ਜੋੜਦੀਆਂ ਕਰ ਰਹੀ ਸੀ, ਜਦਕਿ ਉਹਨਾਂ ਜ਼ਾਲਮਾਂ ਨੂੰ ਤਾਂ ਇਸ ਅਬਲਾ ਨਾਰੀ ਤੇ ਕੋਈ ਤਰਸ ਹੀ ਨਹੀਂ ਸੀ ਆ ਰਿਹਾ। ਉਹ ਉਸਦੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਹੀਂ ਸਨ। ਉਹ ਸੋਚ ਰਹੇ ਸਨ ਕਿ ਨਿਮਰਤ ਆਪਣੇ ਪਤੀ ਨੂੰ ਬਚਾਉਣ ਖਾਤਰ ਹੀ ਝੂਠ ਬੋਲ ਰਹੀ ਹੈ।

ਨਿਮਰਤ(ਚੀਕਦੀ ਹੋਈ)- ਆਹ....! ਛੱਡ ਦੋ ਸਾਬ੍ਹ... ਛੱਡ ਦੋ...!! ਸੌਂਹ ਲੱਗੇ ਸਾਬ੍ਹ, ਮੈਨੂੰ ਉਹਨਾਂ(ਆਪਣੇ ਪਤੀ) ਬਾਰੇ ਕੁੱਝ ਵੀ ਨਹੀਂ ਪਤਾ....!

ਇਸੇ ਦਰਮਿਆਨ ਕਿਸੇ ਹਥਿਆਰਬੰਦ ਬੰਦੇ ਨੇ ਨਿਮਰਤ ਨੂੰ ਵਾਲਾਂ ਤੋਂ ਫੜ੍ਹ ਲਿਆ। ਉਹ ਉਸਨੂੰ ਇਸੇ ਤਰੀਕੇ ਘਸੀਟਦਾ ਹੋਇਆ ਬਾਹਰ ਗਲ਼ੀ ਤੱਕ ਲੈ ਗਿਆ। ਜਿੱਥੇ ਕਿ ਤਮਾਮ ਹਜ਼ੂਮ ਖੜ੍ਹਾ ਤਮਾਸ਼ਾ ਵੇਖ ਰਿਹਾ ਸੀ।

ਗਲ਼ੀ ਦੀ ਇੱਕ ਨੁੱਕਰੇ ਲੱਗੀ ਸਟ੍ਰੀਟ ਲਾਈਟ ਤੱਕ ਆਉਂਦੇ-੨ ਨਿਮਰਤ ਦਾ ਹਾਲ, ਬੇਹਾਲ ਹੋ ਚੁੱਕਾ ਸੀ। ਉਸਦਾ ਜੂੜਾ ਖੁੱਲ੍ਹ ਕੇ ਹਥਿਆਰਬੰਦ ਬੰਦੇ ਦੇ ਹੱਥ ਵਿੱਚ ਸੀ ਤੇ ਉਸਦੇ ਗਲ਼ ਵਿੱਚ ਪਾਈ ਚੁੰਨੀ ਸੜਕ ਤੇ ਖੜੇ ਤਮਾਸ਼ਬੀਨਾਂ ਦੇ ਪੈਰਾਂ ਥੱਲੇ ਰੋਲੀ ਜਾ ਚੁੱਕੀ ਸੀ।

ਨਿਮਰਤ ਦਾ ਅਜਿਹਾ ਹਾਲ ਵੇਖ ਕੇ ਮੈਨੂੰ ਹਥਿਆਰਬੰਦ ਬੰਦਿਆਂ ਨਾਲੋਂ ਵੱਧ ਗੁੱਸਾ ਕੋਲ ਖੜ੍ਹੇ ਗੁਆਂਢੀਆਂ ਤੇ ਆ ਰਿਹਾ ਸੀ। ਜੋ ਆਪਣੇ ਅੱਖੀਂ ਸਭ ਕੁੱਝ ਵੇਖ ਵੀ ਰਹੇ ਸਨ, ਪਰ ਕਰ ਕੁੱਝ ਵੀ ਨਹੀਂ ਸਨ ਰਹੇ।

ਪਹਿਲਾ ਹਥਿਆਰਬੰਦ ਬੰਦਾ- ਦੱਸਦੀ ਐਂ ਕਿ ਨਹੀਂ...?!

ਇੱਕ ਜ਼ੋਰਦਾਰ ਥੱਪੜ ਨਿਮਰਤ ਦੀ ਸੱਜੀ ਗਲ੍ਹ ਤੇ ਵੱਜਿਆ ਸੀ। ਜਿਸਦੀ ਗੂੰਜ ਪੂਰੇ ਇਲਾਕੇ ਵਿੱਚ ਸੁਣਾਈ ਦੇ ਰਹੀ ਸੀ। ਥੱਪੜ ਦੇ ਇਸ ਜ਼ੋਰ ਨੂੰ ਨਾ ਸਹਾਰਦੀ ਹੋਈ ਨਿਮਰਤ ਵਿਚਾਰੀ ਭੁੰਜੇ ਡਿੱਗ ਪਈ ਸੀ ਤੇ ਡੁਸਕ-੨ ਕਰਦੀ ਰੋਣ ਲੱਗੀ ਸੀ।

ਇਸ ਥੱਪੜ ਨੇ ਮੈਨੂੰ ਅੰਦਰ ਤੀਕ ਝੰਜੋੜ ਕੇ ਰੱਖ ਦਿੱਤਾ ਸੀ। ਹੁਣ ਮੈਂ ਹੋਰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਮੈਂ ਨਿਮਰਤ ਦੀ ਚੁੰਨੀ, ਜੋ ਕਿ ਤਮਾਸ਼ਬੀਨਾਂ ਦੇ ਪੈਰਾਂ ਹੇਠ ਰੋਲੀ ਜਾ ਚੁੱਕੀ ਸੀ, ਨੂੰ ਅਦਬ-ਸਤਿਕਾਰ ਦੇ ਨਾਲ ਉਠਾਇਆ ਤੇ ਮਗਰੋਂ ਬੜੇ ਹੀ ਸਲੀਕੇ ਨਾਲ ਇਸਨੂੰ ਨਿਮਰਤ ਦੇ ਹਵਾਲੇ ਕਰ ਦਿੱਤਾ। ਨਿਮਰਤ ਨੇ ਇਸ ਚੁੰਨੀ ਨੂੰ ਮੁੜ ਤੋਂ ਆਪਣੇ ਗਲ਼ ’ਚ ਪਾਇਆ ਤੇ ਭਰੀ ਸਭਾ ’ਚ ਆਪਣੀ ਨਸ਼ਰ ਹੋ ਰਹੀ ਇੱਜਤ ਨੂੰ ਕੱਜਣਾ ਚਾਹਿਆ।

ਇਸੇ ਵਕਤ ਇੱਕ ਹਥਿਆਰਬੰਦ ਬੰਦੇ ਨੇ ਨਿਮਰਤ ਨੂੰ ਇੱਕ ਜ਼ੋਰ ਦੀ ਠੁੱਡਾ ਮਾਰਿਆ। ਜਿਸ ਨਾਲ ਕਿ ਨਿਮਰਤ ਦੇ ਗਲ਼ ’ਚ ਪਈ ਚੁੰਨੀ ਮੁੜ ਤੋਂ ਉਸਦੇ ਮੋਢਿਆਂ ਤੋਂ ਲਹਿ ਗਈ ਤੇ ਉਸਦੇ ਅੱਧ ਤੋਂ ਵੱਧ ਉਭਾਰਾਂ ਨੂੰ ਨਸ਼ਰ ਕਰਨ ਲੱਗੀ।

ਐਤਕੀਂ ਮੇਰੇ ਲਈ ਵੀ ਸਹਿਣ ਕਰਨ ਦੀ ਹੱਦ ਹੀ ਮੁੱਕ ਚੱਲੀ ਸੀ। ਮੈਂ, ਜੋ ਕਿ ਹੁਣ ਤੱਕ ਲੜਨ ਤੋਂ ਗੁਰੇਜ਼ ਕਰ ਰਿਹਾ ਸੀ ਯੱਕਦਮ ਹੀ ਆਪਣੇ ਅਸਲ ਕਿਰਦਾਰ ਤੋਂ ਬਾਹਰ ਆ ਗਿਆ ਸੀ।

ਉਸ ਹਥਿਆਰਬੰਦ ਬੰਦੇ, ਜਿਸਨੇ ਕਿ ਨਿਮਰਤ ਨੂੰ ਠੁੱਡਾ ਮਾਰਿਆ ਸੀ, ਉਸਦੇ ਮੂੰਹ ਤੇ ਮੈਂ ਇੱਕ ਜ਼ੋਰ ਦੇਣੀ ਤਮਾਚਾ ਮਾਰਿਆ। ਇਸ ਅਚਾਨਕ ਹੋਏ ਹਮਲੇ ਨਾਲ ਪਹਿਲਾਂ ਤਾਂ ਉਹ ਬੰਦਾ ਵੀ ਘਬਰਾ ਜਿਹਾ ਹੀ ਗਿਆ। ਪਰ ਮਗਰੋਂ ਆਪਣੇ ਸਾਥੀਆਂ ਨੂੰ ਇਸ਼ਾਰਾ ਕਰਦਾ ਹੋਇਆ ਮੇਰੇ ਵੱਲ ਨੂੰ ਹੀ ਵੱਧਣ ਲੱਗਾ।

ਇਹ ਤਾਂ ਗ਼ਨੀਮਤ ਰਹੀ ਕਿ ਮੌਕੇ ਤੇ ਹੀ ਪੁਲਿਸ ਪਹੁੰਚ ਗਈ। ਸ਼ਾਇਦ ਵਿੱਚੋਂ ਕਿਸੇ ਗੁਆਂਢੀ ਨੇ ਪੁਲਿਸ ਨੂੰ ਫ਼ੋਨ ਕਰ ਦਿੱਤਾ ਸੀ। ਨਹੀਂ ਤਾਂ ਜੋ ਮੇਰਾ ਹਾਲ ਹੋਣਾ ਸੀ, ਮੈਂ ਸੁਪਨੇ ਵਿੱਚ ਵੀ ਕਦੇ ਸੋਚਿਆ ਨਹੀਂ ਸੀ ਹੋਣਾ...!

ਪੁਲਿਸ ਦੀ ਗੱਡੀ ਦਾ ਵੱਜਦਾ ਸਾਇਰਨ, ਸੁਣਨ ਸਾਰ ਹੀ ਹਥਿਆਰਬੰਦ ਬੰਦਿਆਂ ਨੂੰ ਤਾਂ ਜਿਵੇਂ ਹੱਥਾਂ-ਪੈਰਾਂ ਦੀ ਹੀ ਪੈ ਗਈ। ਉਹ ਉਸੇ ਵੇਲੇ ਆਪਣੇ ਪੈਰ, ਸਿਰ ਤੇ ਰੱਖ ਕੇ ਭੱਜਣ ਲੱਗੇ। ਮੌਕੇ ਤੇ ਪਹੁੰਚੀ ਪੁਲਿਸ ਨੇ ਆ ਕੇ ਮੇਰੇ ਸਣੇ ਕੋਲ, ਖੜ੍ਹੇ ਤਮਾਸ਼ਬੀਨ ਗੁਆਂਢੀਆਂ ਤੋਂ ਵੀ ਪੁੱਛ-ਪੜਤਾਲ ਕੀਤੀ ਤੇ ਮਗਰੋਂ ਵਿਕਟਿਮ ਵਿਅਕਤੀਆਂ ਦੇ ਬਿਆਨ ਨੋਟ ਕਰਕੇ ਲੈ ਗਈ।

ਪੁਲਿਸ ਵੱਲੋਂ ਭਰੋਸਾ ਦਿੱਤਾ ਗਿਆ ਕਿ ਉਹ ਛੇਤੀ ਹੀ ਇਸ ਸੰਬੰਧੀ ਕੋਈ ਕਾਰਵਾਈ ਕਰੇਗੀ ਤੇ ਦੋ ਦਿਨਾਂ ਤੋਂ ਲਾਪਤਾ ਜਗਜੀਤ ਦੀ ਵੀ ਭਾਲ ਕਰਨੀ ਸ਼ੁਰੂ ਕਰ ਦੇਵੇਗੀ। ਪੁਲਿਸ ਦੇ ਜਾਣ ਮਗਰੋਂ ਤਮਾਮ ਗੁਆਂਢੀ ਵੀ ਓਹੋ ਜਿਹੇ ਹੀ ਮੂੰਹ ਲੈ ਕੇ ਆਪੋ-ਆਪਣੇ ਘਰਾਂ ਨੂੰ ਚੱਲਦੇ ਬਣੇ। ਜਿਵੇਂ ਉਹ ਆਏ ਹੀ ਕੇਵਲ ਤਮਾਸ਼ਾ ਵੇਖਣ ਲਈ ਸਨ...!

ਇਧਰ ਨਿਮਰਤ ਹਲੇ ਵੀ ਬਦਹਾਲ ਹੋਈ ਭੁੰਜੇ ਡਿੱਗੀ ਪਈ ਸੀ। ਉਹ ਲਗਾਤਾਰ ਜ਼ਾਰੋ-ਜ਼ਾਰ ਰੋ ਵੀ ਰਹੀ ਸੀ। ਮੈਥੋਂ ਉਸਦੀ ਇਹ ਤਕਲੀਫ਼ ਝੱਲੀ ਨਹੀਂ ਸੀ ਜਾ ਰਹੀ। ਮੈਂ ਚਾਹੁੰਦਾ ਸੀ ਕਿ ਉਸਨੂੰ ਉਠਾ ਕੇ ਉਸਦੇ ਘਰ ਤੱਕ ਪਹੁੰਚਾ ਦਿਆਂ। ਪਰ ਸ਼ਾਇਦ ਮੇਰਾ ਅਜਿਹਾ ਕਰਨਾ ਉਸਨੂੰ ਚੰਗਾ ਨਹੀਂ ਸੀ ਲੱਗਣਾ। ਸੋ ਮੈਂ ਉਸਦੇ ਬੱਚਿਆਂ ਨੂੰ, ਜੋ ਦੂਰ ਖੜ੍ਹੇ ਮੈਨੂੰ ਹੀ ਡੌਰ-ਭੌਰ ਜਿਹੇ ਵੇਖ ਰਹੇ ਸਨ, ਨੂਕਰੀ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ। ਮੇਰੇ ਕਹਿਣ ਤੇ ਉਹ ਤਿੰਨੋਂ ਹੀ ਬੱਚੇ ਆਪਣੀ ਮਾਂ ਨੂੰ ਸਹਾਰਾ ਦਿੰਦੇ ਹੋਏ ਘਰ ਅੰਦਰ ਲੈ ਗਏ।

ਅਗਲੀ ਸਵੇਰ ਮੈਂ ਬੱਚਿਆਂ ਲਈ ਨਾਸ਼ਤਾ ਬਣਾ ਕੇ ਲੈ ਕੇ ਗਿਆ। ਮੈਂ ਆਪ ਵੀ ਆਪਣੇ ਘਰ ਇਕੱਲਾ ਹੀ ਰਹਿੰਦਾ ਹਾਂ। ਮੇਰੀ ਪਤਨੀ ਸਾਲ ਪਹਿਲਾਂ ਇਸ ਫ਼ਾਨੀ ਸੰਸਾਰ ਨੂੰ

ਅਲਵਿਦਾ ਕਹਿ ਚੁੱਕੀ ਹੈ ਤੇ ਮੇਰੇ ਦੋਵੇਂ ਬੱਚੇ ਨਜ਼ਮ(ਬੇਟਾ) ਤੇ ਨਾਜ਼ਰੀਨ(ਬੇਟੀ) ਅਬ੍ਰਾਡ(ਵਿਦੇਸ਼) ਸੈਟਲ ਨੇ। ਮੈਂ ਉਹਨਾਂ ਨੂੰ ਕਦੇ ਆਪਣੇ ਕੋਲ ਰਹਿਣ ਲਈ ਨਹੀਂ ਕਹਿੰਦਾ। ਕਿਉਂਕਿ ਇੱਥੇ ਖਾਲੀ ਉਜਾੜ ’ਚ ਉਹਨਾਂ ਦਾ ਜੀਅ ਹੀ ਨਹੀਂ ਲੱਗਦਾ।

ਉਂਝ ਕਈ ਦਫ਼ਾ ਇਹ ਦੋਵੇਂ ਹੀ ਮੈਨੂੰ ਅਬ੍ਰਾਡ ਆਪਣੇ ਕੋਲ ਆਉਣ ਲਈ ਕਹਿ ਚੁੱਕੇ ਹਨ। ਪਰ ਮੇਰਾ ਇਸ ਘਰ ਨਾਲ ਮੋਹ ਹੀ ਇੰਨਾ ਪੈ ਗਿਆ ਹੈ ਕਿ ਮੈਥੋਂ ਇਸ ਘਰ ਨੂੰ ਛੱਡ ਕੇ ਕਿਤੇ ਵੀ ਹੋਰ ਜਾਇਆ ਨਹੀਂ ਜਾਂਦਾ। ਇਹ ਘਰ ਜਿਸਨੂੰ ਕਿ ਮੈਂ ਆਪ ਆਪਣੇ ਹੱਥੀਂ ਸ਼ਿੰਗਾਰਿਆ ਹੈ, ਜਿਸਦੀ ਚਿਣਾਈ ’ਚ ਲੱਗੀ ਇੱਕ-੨ ਇੱਟ ਦਾ ਵੀ ਮੈਨੂੰ ਹਿਸਾਬ ਹੈ, ਜਿਸਦਾ ਨਕਸ਼ਾ ਮੈਂ ਆਪ ਆਪਣੇ ਹੱਥੀਂ ਤਿਆਰ ਕੀਤਾ ਹੈ ਤੇ ਜਿਸ ਘਰ ਨੂੰ ‘ਘਰ’ ਮੇਰੀ ਪਤਨੀ; ਮੇਰੀ ਹਮਨਫ਼ਸ ਨੇ ਬਣਾਇਆ ਹੈ, ਇਹ ਘਰ ਹੀ ਹੁਣ ਮੇਰੇ ਲਈ ਸਭ ਕੁੱਝ ਹੈ।

ਬੇਸ਼ੱਕ ਮੇਰੀ ਹਮਨਫ਼ਸ ਹੁਣ ਮੇਰੇ ਨਾਲ ਨਹੀਂ, ਪਰ ਉਸਦੀਆਂ ਯਾਦਾਂ ਤਾਂ ਇਸੇ ਘਰ ’ਚ ਨੇ ਤੇ ਜੇ ਮੈਂ ਇਹ ਘਰ ਹੀ ਛੱਡ ਕੇ ਕਿਤੇ ਚਲਾ ਗਿਆ ਤਾਂ ਮੈਨੂੰ ਡਰ ਹੈ ਕਿ ਉਸਦੇ ਨਾਲ-੨ ਉਸਦੀਆਂ ਯਾਦਾਂ ਵੀ ਮੈਥੋਂ ਹਮੇਸ਼ਾ-੨ ਲਈ ਹੀ ਦੂਰ ਹੋ ਜਾਣੀਆਂ ਨੇ। ਬੱਸ ਇਸੇ ਲਈ ਮੈਂ ਇੱਥੇ ਇਸ ਘਰ ’ਚ ਰਹਿ ਰਿਹਾ ਹਾਂ। ਭਾਵੇਂ ਰਹਿ, ਇਕੱਲਾ ਹੀ ਰਿਹਾ ਹਾਂ...!

ਜਗਜੀਤ ਜੋ ਕਿ ਮੇਰਾ ਗੁਆਂਢੀ ਹੈ, ਮੇਰੇ ਖ਼ਿਆਲ ਇਸਨੂੰ ਆਪਣੇ ਪਰਿਵਾਰ ਸਮੇਤ ਇੱਥੇ ਰਹਿੰਦਿਆਂ ਹਲੇ ਕੋਈ ਮਹੀਨਾ ਵੀ ਨਹੀਂ ਹੋਇਆ ਹੋਣਾ। ਬਹੁਤਾ ਤਾਂ ਇਹਦੇ ਬਾਰੇ ਮੈਂ ਕੁੱਝ ਜਾਣਦਾ ਵੀ ਨਹੀਂ। ਹਾਂ ਪਰ ਇੱਕ ਗੁਆਂਢੀ ਹੋਣ ਦੇ ਨਾਤੇ ਮੈਂ ਦੋ-ਚਾਰ ਵੇਰਾਂ ਇਹਨਾਂ ਦੇ ਘਰ ਖ਼ੈਰ-ਖ਼ਬਰ ਲੈਣ ਲਈ ਜਾਂਦਾ ਰਿਹਾ ਹਾਂ।

ਜਗਜੀਤ ਦੀ ਪਤਨੀ ਨਿਮਰਤ ਬੜੀ ਹੀ ਧਾਰਮਿਕ ਖਿਆਲਾਂ ਵਾਲੀ ਔਰਤ ਹੈ। ਉਹ ਨਿੱਤ ਸਵੇਰੇ ਉੱਠ ਕੇ ਸਭਤੋਂ ਪਹਿਲਾਂ ਮੰਦਰ ਹੀ ਮੱਥਾ ਟੇਕ ਕੇ ਆਉਂਦੀ ਹੈ। ਇੱਕ-ਦੋ ਵਾਰ ਮੈਂ ਆਪ ਉਸਨੂੰ ਹੱਥ ’ਚ ਥਾਲੀ ਫੜ੍ਹੀ ਮੰਦਰ ਜਾਂਦਿਆਂ ਵੇਖਿਆ ਹੈ।

ਉਸਦੀ ਧਾਰਮਿਕ ਬਿਰਤੀ ਦਾ ਪਤਾ ਇਸੇ ਗੱਲ ਤੋਂ ਲੱਗ ਜਾਂਦਾ ਹੈ ਕਿ ਉਹ ਆਪਣੇ ਪਤੀ ਤੇ ਆਪਣੇ ਪਰਿਵਾਰ ਦੀ ਮੰਗਲ ਕਾਮਨਾ ਲਈ ਆਏ ਦਿਨ ਹੀ ਕੋਈ ਨਾ ਕੋਈ ਵਰਤ ਰੱਖੀ ਰੱਖਦੀ ਹੈ। ਇਹ ਗੱਲ ਉਸਨੇ ਆਪ ਆਪਣੇ ਮੂੰਹੋਂ ਮੈਨੂੰ ਦੱਸੀ ਹੈ। ਉਹ ਵੀ ਉਸ ਸਮੇਂ ਜਦ ਉਸਨੇ ਅੱਜ ਤੋਂ ੨੦ ਦਿਨ ਪਹਿਲਾਂ ਮੈਨੂੰ ਆਪਣੇ ਘਰ ਖਾਣੇ ਤੇ ਸੱਦਿਆ ਸੀ।

ਉਸ ਦਿਨ ਉਸਦਾ ਪਤੀ ਜਗਜੀਤ ਘਰ ਨਹੀਂ ਸੀ। ਸ਼ਾਇਦ ਉਹ ਆਪਣੇ ਕੰਮ ਦੇ ਸਿਲਸਿਲੇ ’ਚ ਹੀ ਬਾਹਰ ਗਿਆ ਹੋਇਆ ਸੀ। ਨਿਮਰਤ ਨੇ ਉਸ ਦਿਨ ਖਾਸ ਮੇਰੇ ਲਈ ‘ਆਲੂ ਪੂਰੀ’ ਬਣਾਈ ਸੀ। ਸ਼ਾਇਦ ਉਸਨੂੰ ਗੁਆਂਢ ’ਚੋਂ ਹੀ ਪਤਾ ਲੱਗਿਆ ਸੀ ਕਿ ਮੈਂ ਇੱਥੇ ਇਕੱਲਾ ਹੀ ਰਹਿੰਦਾ ਹਾਂ।

ਹੋਰ ਉਹ ਮੇਰੇ ਬਾਰੇ ਕੀ-੨ ਜਾਣਦੀ ਸੀ, ਇਹ ਤਾਂ ਮੈਨੂੰ ਪਤਾ ਨਹੀਂ ਤੇ ਨਾ ਹੀ ਮੈਂ ਕਦੇ ਪੁੱਛਿਆ ਹੀ ਸੀ। ਹਾਂ ਪਰ ਉਸ ਦਿਨ, ਜਦ ਨਿਮਰਤ ਨੇ ਮੈਨੂੰ ਆਪਣੇ ਘਰ ਖਾਣੇ ਤੇ ਸੱਦਿਆ ਸੀ, ਮੈਨੂੰ ਉਸਦਾ ਅਜਿਹਾ ਕਰਨਾ ਬੜਾ ਹੀ ਚੰਗਾ ਲੱਗਿਆ ਸੀ।

ਮੇਰੀ ਪਤਨੀ ਦੇ ਗੁਜ਼ਰਨ ਮਗਰੋਂ ਮੇਰੇ ਗੁਆਂਢ ਦੀ ਕਿਸੇ ਵੀ ਔਰਤ ਨੇ ਮੇਰੇ ਵੱਲ ਦਾ ਰੁਖ਼ ਨਹੀਂ ਸੀ ਕੀਤਾ। ਸ਼ਾਇਦ ਉਹ ਮੈਨੂੰ ਹਲੇ ਵੀ ਓਪਰਾ ਹੀ ਸਮਝਦੀਆਂ ਸਨ ਜਾਂ ਸ਼ਾਇਦ ਸਾਡੇ ਵਿੱਚ ਕਦੇ ਕੋਈ ਬੋਲਾਂ ਦੀ ਸਾਂਝ ਹੀ ਨਹੀਂ ਸੀ ਹੋਈ, ਇਸੇ ਲਈ ਉਹ ਸਭ ਔਰਤਾਂ ਮੇਰੇ ਨਾਲ ਗੱਲ ਕਰਨ ਤੋਂ ਕਤਰਾਉਂਦੀਆਂ ਸਨ।

ਖ਼ੈਰ! ਜੋ ਵੀ ਸੀ, ਨਿਮਰਤ ਉਹ ਪਹਿਲੀ ਔਰਤ ਸੀ, ਜੋ ਮੈਨੂੰ ਮੇਰੀ ਪਰਵਾਹ ਕਰਦੀ ਨਜ਼ਰ ਆਉਂਦੀ ਸੀ। ਉਸ ਨਾਲ ਮੇਰਾ ਕੀ ਰਿਸ਼ਤਾ ਸੀ, ਮੈਂ ਨਹੀਂ ਸਾਂ ਜਾਣਦਾ। ਹਾਂ ਪਰ ਉਸ ਨਾਲ ਆਪਣਾ ਰਿਸ਼ਤਾ ਮੈਨੂੰ ਬਹੁਤ ਪੁਰਾਣਾ ਲੱਗਦਾ ਸੀ।

ਨਿਮਰਤ ਦਾ ਪਤੀ ਜਗਜੀਤ, ਕੀ ਕੰਮ ਕਰਦਾ ਸੀ, ਇਹ ਮੈਂ ਉਦੋਂ ਨਹੀਂ ਸੀ ਪੁੱਛਿਆ। ਇਹੀਓ ਕਾਰਨ ਸੀ ਕਿ ਮੈਨੂੰ ਹਲੇ ਵੀ ਓਸ ਬਾਰੇ ਬਹੁਤਾ ਕੁੱਝ ਪਤਾ ਨਹੀਂ ਸੀ। ਪਰ ਨਿਮਰਤ ਦੇ ਤਿੰਨੋਂ ਬੱਚਿਆਂ ਬਾਰੇ ਮੈਨੂੰ ਪੂਰੀ ਜਾਣਕਾਰੀ ਸੀ। ਉਸਦੇ ਦੋ ਬੇਟੇ ਸਨ ਤੇ ਇੱਕ ਬੇਟੀ ਸੀ। ਬੇਟੀ ਦਾ ਨਾਂ ਕੋਮਲ ਸੀ। ਇਹ ਤਿੰਨਾਂ ਬੱਚਿਆਂ ’ਚ ਸਭਤੋਂ ਛੋਟੀ ਸੀ। ਉਮਰ ਉਸਦੀ ਕੋਈ ਛੇ-ਸੱਤ ਵਰ੍ਹਿਆਂ ਦੀ ਸੀ।

ਦੋ ਬੇਟੇ ਜਿਹਨਾਂ ਦੇ ਨਾਮ ਹੁਸਨ ਤੇ ਮਨਵੀਰ ਸਨ, ਇਹਨਾਂ ਦੋਵਾਂ ਵਿੱਚੋਂ ਹੁਸਨ ਵੱਡਾ ਸੀ। ਹੁਸਨ ਬਾਰਾਂ ਵਰ੍ਹਿਆਂ ਦਾ ਸੀ ਤੇ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ। ਉਹ ਆਪਣੀ ਉਮਰ ਤੋਂ ਵੱਧ ਸਮਝਦਾਰ ਸੀ ਤੇ ਹੱਦ ਤੋਂ ਪਰ੍ਹੇ ਜਿੰਮੇਵਾਰ ਵੀ। ਆਪਣੇ ਛੋਟੇ ਭੈਣ-ਭਰਾਵਾਂ ਦਾ ਉਹ ਬਹੁਤ ਹੀ ਖ਼ਿਆਲ ਰੱਖਿਆ ਕਰਦਾ। ਇਸਤੋਂ ਛੁੱਟ ਉਹ ਆਪਣੀ ਮਾਂ ਦੇ ਨਾਲ ਘਰ ਦੇ ਕੰਮਾਂ-ਕਾਰਾਂ ਵਿੱਚ ਵੀ ਉਸਦਾ ਹੱਥ ਵਟਾ ਦਿਆ ਕਰਦਾ।

ਮਨਵੀਰ ਜੋ ਕਿ ਹੁਸਨ ਤੋਂ ਛੋਟਾ ਸੀ, ਇਹ ਹਲੇ ਪੰਜਵੀਂ ਵਿੱਚ ਪੜ੍ਹਦਾ ਸੀ। ਮਨਵੀਰ ਸੁਭਾਅ ਪੱਖੋਂ ਬਹੁਤ ਹੀ ਸ਼ਰਾਰਤੀ ਸੀ। ਸਾਰਾ-੨ ਦਿਨ ਨਿਮਰਤ ਦੇ ਘਰੋਂ ਇਸੇ ਦੇ ਖੌਰੂ ਪਾਉਂਦੇ ਦੀਆਂ ਆਵਾਜ਼ਾਂ ਆਉਂਦੀਆਂ ਸਨ।

ਸੋ ਮੌਜੂਦਾ ਸਮੇਂ ਜਦ ਮੈਂ ਨਿਮਰਤ ਦੇ ਘਰ ਉਸਦੇ ਬੱਚਿਆਂ ਵਾਸਤੇ ਨਾਸ਼ਤਾ ਬਣਾ ਕੇ ਲੈ ਗਿਆ, ਤਾਂ ਉਹ ਬਹੁਤ ਖੁਸ਼ ਹੋਏ। ਗੱਲਾਂ-੨ ਵਿੱਚ ਹੁਸਨ ਨੇ ਮੈਨੂੰ ਦੱਸਿਆ ਕਿ ਅੱਜ ਸਵੇਰ ਦੀ ਉਹਨਾਂ ਦੇ ਘਰ ਰੋਟੀ ਨਹੀਂ ਸੀ ਬਣੀ। ਨਿਮਰਤ ਕੱਲ੍ਹ ਰਾਤ ਦੀ ਹੀ ਲਗਾਤਾਰ ਰੋਈ ਜਾ ਰਹੀ ਸੀ। ਤਿੰਨੋਂ ਬੱਚੇ ਆਪਣੀ ਮਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼

ਕਰ ਰਹੇ ਸਨ। ਪਰ ਨਿਮਰਤ ਇਸ ਵੇਲੇ ਕੀ ਮਹਿਸੂਸ ਕਰ ਰਹੀ ਸੀ, ਇਹ ਤਾਂ ਕੇਵਲ ਓਹੀ ਜਾਣਦੀ ਸੀ।

ਨਿਮਰਤ ਨੂੰ ਨਾ ਸਿਰਫ ਕੱਲ੍ਹ ਰਾਤ ਵਾਲੀ ਗੱਲ ਹੀ ਸਤਾ ਰਹੀ ਸੀ, ਸਗੋਂ ਉਹ ਤਾਂ ਆਪਣੇ ਪਤੀ ਜਗਜੀਤ ਦੇ ਪਿਛਲੇ ਦੋ ਦਿਨਾਂ ਤੋਂ ਲਾਪਤਾ ਹੋਣ ਕਰਕੇ ਵੀ ਕਾਫੀ ਪਰੇਸ਼ਾਨ ਸੀ। ਰਹਿ-੨ ਕੇ ਉਸਦੇ ਦਿਲ ਵਿੱਚ ਕਿਸੇ ਅਣਹੋਣੀ ਦੀ ਆਸ਼ੰਕਾ ਉੱਠ ਰਹੀ ਸੀ। ਉਸਦਾ ਦਿਲ, ਉਸਦੇ ਦਿਮਾਗ਼ ਦਾ ਸਾਥ ਨਹੀਂ ਸੀ ਦੇ ਰਿਹਾ। ਪਰ ਉਸਦੀਆਂ ਅੱਖਾਂ ਲਗਾਤਾਰ ਉਸਦੇ ਅੱਥਰੂਆਂ ਨੂੰ ਵਹਿਣ ਦਾ ਰਾਹ ਦੇ ਰਹੀਆਂ ਸਨ।

ਮੈਂ ਨਿਮਰਤ ਨੂੰ ਵੇਖ ਮਹਿਸੂਸ ਕਰ ਸਕਦਾ ਸੀ ਕਿ ਇਸ ਵੇਲੇ ਉਹ ਕਿੰਨੀ ਕੁ ਮਾਨਸਿਕ ਪਰੇਸ਼ਾਨੀ ’ਚ ਹੈ। ਮੈਂ ਦਿਲੋਂ ਚਾਹੁੰਦਾ ਸੀ ਕਿ ਉਸਦੀ ਮਾਨਸਿਕ ਪਰੇਸ਼ਾਨੀ ਨੂੰ ਘਟਾ ਸਕਾਂ। ਪਰ ਫਿਲਹਾਲ ਅਜਿਹਾ ਕਰਨ ਲਈ ਮੈਨੂੰ ਕੋਈ ਰਾਹ ਨਹੀਂ ਸੀ ਲੱਭ ਰਿਹਾ। ਕੁੱਝ ਦੇਰ ਨੂੰ ਜਦ ਬੱਚਿਆਂ ਨੇ ਨਾਸ਼ਤਾ ਕਰ ਲਿਆ ਤਾਂ ਮੈਂ ਆਪਣੇ ਘਰ ਵਾਪਸ ਆ ਗਿਆ।

ਦਰਮਿਆਨ ਇਸਦੇ ਮੈਂ ਨਿਮਰਤ ਤੇ ਵੀ ਬਹੁਤ ਜ਼ੋਰ ਪਾਇਆ ਕਿ ਉਹ ਕੁੱਝ ਨਾ ਕੁੱਝ ਤਾਂ ਜ਼ਰੂਰ ਖਾਵੇ, ਨਾ ਕਿ ਏਦਾਂ ਭੁੱਖੀ-ਭਾਣੀ ਹੀ ਬੈਠੀ ਰਹੀ, ਜਿਸ ਨਾਲ ਕਿ ਆਖਿਰ ਨੂੰ ਉਸਦੀ ਹੀ ਤਬੀਅਤ ਖਰਾਬ ਹੋਵੇ। ਪਰ ਉਸਨੇ ਮੈਨੂੰ ਕੁੱਝ ਵੀ ਖਾਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਅਖੀਰ ਮੈਂ ਵੀ ਫਿਰ ਨਿੱਕਾ ਜਿਹਾ ਮੂੰਹ ਲੈ ਕੇ ਹੀ ਰਹਿ ਗਿਆ।

ਘਰ ਪਹੁੰਚਣ ਤੇ ਮੇਰਾ ਕੰਮ ’ਚ ਧਿਆਨ ਨਹੀਂ ਸੀ ਲੱਗ ਰਿਹਾ। ਮੈਨੂੰ ਰਹਿ-੨ ਕੇ ਨਿਮਰਤ ਦਾ ਹੀ ਖਿਆਲ ਆ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਮੈਂ ਕਿੱਦਾਂ ਉਸਦੀ ਮਦਦ ਕਰਾਂ। ਤਦੇ ਮੈਨੂੰ ਕੱਲ੍ਹ ਰਾਤ ਆਈ ਪੁਲਿਸ ਦਾ ਖਿਆਲ ਆਇਆ। ਮੈਂ ਓਸੇ ਵਕਤ ਤਿਆਰ ਹੋ ਕੇ ਪੁਲਿਸ ਸਟੇਸ਼ਨ ਚਲਾ ਗਿਆ। ਪਰ ਮੈਂ ਜਿੰਨੀ ਆਸ ਨਾਲ ਗਿਆ ਸੀ, ਮੈਨੂੰ ਉਨਾਂ ਹੀ ਬੇਆਸ ਹੋ ਕੇ ਘਰੇ ਮੁੜਨਾ ਪਿਆ।

ਕਿਉਂਜੋ ਪੁਲਿਸ ਦੇ ਕਹਿਣ ਮੁਤਾਬਕ ਉਹਨਾਂ ਨੂੰ ਨਾ ਤਾਂ ਜਗਜੀਤ ਬਾਰੇ ਹੀ ਕੋਈ ਸੂਹ ਮਿਲੀ ਸੀ ਤੇ ਨਾ ਹੀ ਹਲੇ ਤੱਕ ਉਹ ਕੱਲ੍ਹ ਵਾਲੇ ਹਥਿਆਰਬੰਦ ਬੰਦੇ ਫੜ੍ਹੇ ਗਏ ਸਨ। ਮੇਰੇ ਪੁਲਿਸ ਸਟੇਸ਼ਨ ਤੋਂ ਬਾਹਰ ਨਿਕਲਣ ਸਾਰ ਹੀ ਮੈਂ ਇੰਸਪੈਕਟਰ ਦੀ ਕਿਸੇ ਨਾਲ ਫ਼ੋਨ ਤੇ ਹੋ ਰਹੀ ਗੱਲਬਾਤ ਸੁਣੀ।

ਇੰਸਪੈਕਟਰ ਕਹਿ ਰਿਹਾ ਸੀ ਕਿ ਉਹ(ਸਾਹਮਣੇ ਵਾਲਾ ਵਿਅਕਤੀ) ਬਿੱਲਕੁੱਲ ਵੀ ਟੈਂਸ਼ਨ ਨਾ ਲਵੇ... ਉਸਨੇ(ਇੰਸਪੈਕਟਰ) ਨੇ ਤਾਂ ਸਗੋਂ ਕੱਲ੍ਹ ਰਾਤ ਹੀ ਸਾਰਾ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਸੀ...ਇਸ ਲਈ ਉਸਦੇ ਬੰਦੇ ਵੀ ਹੁਣ ਬੇਪਰਵਾਹ ਰਹਿਣ...! ਇੰਸਪੈਕਟਰ ਦੀਆਂ ਗੱਲਾਂ ਸੁਣਕੇ ਮੈਂ ਸਮਝ ਗਿਆ ਸੀ ਕਿ 'ਕੁੱਤੀ ਵੀ ਚੋਰਾਂ ਨਾਲ ਰਲੀ ਹੋਈ ਹੈ...!'

ਘਰ ਮੁੜਨ ਤੇ ਮੈਂ ਇਹ ਗੱਲ ਨਿਮਰਤ ਨੂੰ ਨਾ ਦੱਸੀ। ਮੈਂ ਸੋਚ ਰਿਹਾ ਸੀ ਕਿ ਜੇ ਮੈਂ ਇਹ ਗੱਲ ਨਿਮਰਤ ਨੂੰ ਦੱਸ ਦਿੱਤੀ ਤਾਂ ਉਹ ਤਾਂ ਵਿਚਾਰੀ ਬਦ ਤੋਂ ਬਦਹਾਲ ਹੋ ਜਾਵੇਗੀ। ਉਸਦੀ ਤਾਂ ਤਬੀਅਤ ਵੀ ਪਹਿਲਾਂ ਹੀ ਲਗਾਤਾਰ ਰੋਣ ਕਰਕੇ ਠੀਕ ਨਹੀਂ ਲੱਗ ਰਹੀ ਸੀ, ਉੱਤੋਂ ਜੇ ਮੈਂ ਇਹ ਗੱਲ ਵੀ ਦੱਸ ਦਿੱਤੀ ਕਿ ਪੁਲਿਸ ਉਸਦੇ ਮੁਆਮਲੇ ਨੂੰ ਲੈ ਕੇ ਕੁੱਝ ਵੀ ਨਹੀਂ ਕਰ ਰਹੀ ਤਾਂ ਕਿਤੇ ਉਹ ਇਸ ਗੱਲ ਨੂੰ ਬਹੁਤਾ ਹੀ ਦਿਲ ਤੇ ਨਾ ਲੈ ਲਵੇ।

ਸ਼ਾਮ ਹੋਈ, ਮੈਂ ਦੁਬਾਰਾ ਨਿਮਰਤ ਦੇ ਘਰ ਗਿਆ। ਇਸ ਵੇਲੇ ਉਹ ਕੁੱਝ ਕੁ ਸੰਭਲੀ ਹੋਈ ਲੱਗ ਰਹੀ ਸੀ। ਉਸਦੇ ਤਿੰਨੋਂ ਨਿਆਣੇ ਘਰ ਦੇ ਵਿਹੜੇ ਵਿੱਚ ਬੈਠੇ ਆਪੋ-ਆਪਣੀ ਖੇਡ ਵਿੱਚ ਮਸਤ ਸਨ। ਮੇਰੇ ਦਰਵਾਜ਼ਾ ਖੜਕਾਉਣ ਤੇ ਨਿਮਰਤ ਦਾ ਵੱਡਾ ਮੁੰਡਾ ਹੁਸਨ ਹੀ ਦਰਵਾਜ਼ਾ ਖੋਲ੍ਹਣ ਲਈ ਆਇਆ ਸੀ। ਮੈਨੂੰ ਉਹ ਬੜਾ ਹੁਸ਼ਿਆਰ ਮਾਲੂਮ ਹੁੰਦਾ ਸੀ।

ਹੁਸਨ ਜਦ ਮੈਨੂੰ ਆਪਣੇ ਘਰ ਅੰਦਰ ਲਿਜਾ ਰਿਹਾ ਸੀ ਤਾਂ ਮੈਂ ਬਾਖ਼ੂਬੀ ਉਸ ਦੇ ਘਰ ਦੇ ਮੌਜੂਦਾ ਹਾਲਾਤਾਂ ਦਾ ਜਾਇਜ਼ਾ ਲੈ ਰਿਹਾ ਸੀ। ਨਿਮਰਤ ਦੇ ਘਰ ਦੀ ਡਿਓਢੀ ਵਿੱਚੋਂ ਲੰਘਦੇ ਵਕਤ ਹੀ ਮੇਰੀ ਨਜ਼ਰ ਨਿਮਰਤ ਤੇ ਪਈ ਸੀ। ਉਹ ਰਸੋਈ ਵਿੱਚ ਖੜੀ ਸਿੰਕ ਲਾਗੇ ਭਾਂਡੇ ਮਾਂਜ ਰਹੀ ਸੀ। ਜਿਸਤੋਂ ਕਿ ਮੈਂ ਇਹ ਅੰਦਾਜ਼ਾ ਲਗਾ ਲਿਆ ਸੀ ਕਿ ਘਰ ਵਿੱਚ ਦੁਪਹਿਰ ਦੀ ਰੋਟੀ ਪੱਕੀ ਸੀ ਤੇ ਨਿਮਰਤ ਨੇ ਹੁਣ ਤੱਕ ਹੋਰ ਨਹੀਂ ਤਾਂ ਘੱਟੋ-ਘੱਟ ਇੱਕ ਵਾਰੀ ਤਾਂ ਰੋਟੀ ਖਾ ਹੀ ਲਈ ਸੀ।

ਹੁਸਨ ਆਪਣੀ ਮਾਂ ਨੂੰ ਮੇਰੇ ਆਉਣ ਦਾ ਕਹਿ ਕੇ ਮੈਨੂੰ ਆਪਣੇ ਘਰ ਦੇ ਮਹਿਮਨਖ਼ਾਨੇ ’ਚ ਲੈ ਗਿਆ। ਮੈਂ ਮਹਿਮਨਖ਼ਾਨੇ ’ਚ ਬੈਠਾ ਦੀਵਾਰ ਤੇ ਟੰਗੀਆਂ ਤਸਵੀਰਾਂ ਨੂੰ ਵੇਖਣ ਲੱਗਾ। ਤਦੇ ਮੇਰੀ ਨਜ਼ਰ ਇੱਕ ਪੁਰਾਣੀ ਜਿਹੀ ਤਸਵੀਰ ਤੇ ਪਈ। ਮੈਂ ਕੋਲ ਜਾ ਕੇ ਵੇਖਿਆ ਤਾਂ ਇਹ ਤਸਵੀਰ ਮੇਰੇ ਹੀ ਸਕੂਲ ਦੀ ਸੀ।

ਹੁਸਨ- ਅੰਕਲ ਜੀ ,ਪਾਣੀ...!

ਮੇਰੇ ਤਸਵੀਰ ਵੇਖਣ ਤੱਕ ਹੁਸਨ ਪਾਣੀ ਦਾ ਗਿਲਾਸ ਭਰਕੇ ਲੈ ਆਇਆ ਸੀ। ਮੈਂ ਉਸਦੇ ਹੱਥੋਂ ਪਾਣੀ ਦਾ ਗਿਲਾਸ ਓਵੇਂ ਹੀ ਤਸਵੀਰ ਵੇਖਦੇ-੨ ਨੇ ਫੜ੍ਹ ਲਿਆ ਸੀ। ਮੇਰਾ ਤਾਂ ਧਿਆਨ ਹੀ ਨਹੀਂ ਸੀ ਗਿਆ ਕਿ ਪਿੱਛੇ ਨਿਮਰਤ ਵੀ ਆਣ ਖਲੋਈ ਸੀ। ਉਹ ਮੈਨੂੰ ਤਸਵੀਰ ਵੇਖਦੇ ਨੂੰ ਹੀ ਵੇਖਣ ਲੱਗੀ।

ਨਿਮਰਤ- ਕੀ ਵੇਖਣ ਡਹੇ ਜੇ...?

ਅਚਾਨਕ ਨਿਮਰਤ ਦੀ ਆਵਾਜ਼ ਸੁਣਕੇ ਮੇਰੇ ਵੀ ਕੰਨ ਖੜ੍ਹੇ ਹੋ ਗਏ। ਮੈਂ ਪਿੱਛੇ ਮੁੜ ਕੇ ਵੇਖਿਆ, ਨਿਮਰਤ ਮੇਰੇ ਸਾਹਮਣੇ ਖੜੀ ਸੀ।

“ਇਹ ਸਕੂਲ ਦੀ ਤਸਵੀਰ....?”

ਮੈਂ ਨਿਮਰਤ ਤੋਂ ਅੱਧ-ਅਧੂਰਾ ਜਿਹਾ ਹੀ ਸਵਾਲ ਕੀਤਾ। ਸ਼ਾਇਦ ਮੈਂ ਉਸਤੋਂ ਸਵਾਲ ਪੁੱਛਣ ਤੋਂ ਝਿਜਕ ਰਿਹਾ ਸੀ। ਪਰ ਨਿਮਰਤ ਮੇਰਾ ਇਸ਼ਾਰਾ ਸਮਝ ਗਈ ਲੱਗਦੀ ਸੀ।

ਨਿਮਰਤ- ਜੀ ਇਹ ਮੇਰੇ ਸਕੂਲ ਦੀ ਤਸਵੀਰ ਹੈ... ਪਰ ਤਾਹਨੂੰ ਇਸ ਵਿੱਚ ਇੰਨੀ ਦਿਲਚਸਪੀ ਕਿਵੇਂ...?

ਤਦ ਮੈਂ ਨਿਮਰਤ ਨੂੰ ਦੱਸਿਆ ਕਿ ਮੈਂ ਵੀ ਇਸੇ ਸਕੂਲ ’ਚ ਪੜ੍ਹਿਆ ਹਾਂ। ਉਹ ਮੇਰੀ ਗੱਲ ਸੁਣਕੇ ਹੱਕੀ-ਬੱਕੀ ਰਹਿ ਗਈ। ਮੈਨੂੰ ਯਕੀਨ ਸੀ ਕਿ ਬੇਸ਼ੱਕ ਸਾਡੇ ਦੋਹਾਂ ਦੇ ਦੱਸਵੀਂ ਕਰਨ ਦਾ ਬੈਚ(batch) ਵੱਖੋ-ਵੱਖਰਾ ਰਿਹਾ ਹੋਣਾ, ਪਰ ਮੈਂ ਨਿਮਰਤ ਨੂੰ ਕਦੇ ਨਾ ਕਦੇ ਸਕੂਲ ’ਚ ਵੇਖਿਆ ਜ਼ਰੂਰ ਹੋਣਾ। ਸ਼ਾਇਦ ਇਹੀਓ ਕਾਰਨ ਸੀ ਕਿ ਬੀਤੇ ਕੁੱਝ ਸਮੇਂ ਤੋਂ ਮੈਂ ਨਿਮਰਤ ਵੱਲ ਖੁਦ ਦਾ ਝੁਕਾਅ ਮਹਿਸੂਸ ਕਰ ਰਿਹਾ ਸੀ।

ਹੁਸਨ- ਅੰਕਲ ਜੀ, ਪਾਣੀ...!!

ਕੋਲ ਖੜ੍ਹਾ ਹੁਸਨ ਮੁੜ ਤੋਂ ਆਪਣਾ ਓਹੀ ਵਾਕ ਦੁਹਰਾ ਰਿਹਾ ਸੀ। ਉਸਦੇ ਵਾਕ ਦਾ ਅਰਥ ਭਾਵ ਵੀ ਉਹੀ ਸੀ। ਬੱਸ ਫ਼ਰਕ ਕੇਵਲ ਸਥਿਤੀ ਦਾ ਸੀ। ਪਹਿਲਾਂ ਗਿਲਾਸ ਉਸਦੇ ਹੱਥ ਵਿੱਚ ਸੀ ਤੇ ਐਤਕੀਂ ਗਿਲਾਸ ਮੇਰੇ ਹੱਥ ਵਿੱਚ। ਮੈਂ ਹੁਸਨ ਦੇ ਦੁਬਾਰਾ ਕਹਿਣ ਤੇ ਗਿਲਾਸ ਹੋਠਾਂ ਨਾਲ ਛੁਹਾ ਕੇ ਪਾਣੀ ਪੀਣ ਲੱਗਾ। ਦੋ ਕੁ ਘੁੱਟਾਂ ਪੀ ਕੇ ਮੰਨੋ ਜਿਵੇਂ ਮੇਰਾ ਮਨ ਤ੍ਰਿਪਤ ਜਿਹਾ ਹੋ ਗਿਆ। ਸੋ ਮੈਂ ਅੱਧੇ ਤੋਂ ਵੱਧ ਗਿਲਾਸ ਪਾਣੀ ਦਾ ਛੱਡ ਕੇ ਹੱਥ ਫੜ੍ਹਿਆ ਜੂਠਾ ਗਿਲਾਸ ਵਾਪਸ ਮੋੜ ਦਿੱਤਾ।

ਨਿਮਰਤ- ਚਾਹ ਪੀਓਗੇ...?

ਨਿਮਰਤ ਦੇ ਚਾਹ ਪੁੱਛਣ ਤੇ ਪਤਾ ਨਹੀਂ ਕਿ ਕਿਉਂ ਮੈਂ ‘ਹਾਂ’ ਕਰ ਬੈਠਾ। ਜਦਕਿ ਨਾ ਤਾਂ ਮੈਨੂੰ ਚਾਹ ਪੀਣ ਦੀ ਤਲਬ ਹੀ ਲੱਗੀ ਸੀ ਤੇ ਨਾ ਹੀ ਮੈਨੂੰ ਚਾਹ ਪੀਣੀ ਪਸੰਦ ਹੀ ਸੀ।

ਆਪਣੇ ਘਰ ਵੀ ਮੈਂ ਦਿਹਾੜੀ 'ਚ ਕੇਵਲ ਇੱਕੋ ਵਾਰ ਹੀ ਕਾੱਫੀ ਬਣਾਇਆ ਕਰਦਾ ਹਾਂ। ਬਹੁਤਾ ਤਾਂ ਉਦੋਂ ਜਦੋਂ ਮੈਂ ਕੁੱਝ ਲਿਖਣ ਲਈ ਬੈਠਦਾ ਹਾਂ।

ਮੇਰਾ ਲਿਖਣ ਦਾ ਸ਼ੌਂਕ ਬਹੁਤ ਪੁਰਾਣਾ ਹੈ। ਖ਼ੈਰ! ਹੁਣ ਵੀ ਜਦੋਂ ਮੈਨੂੰ ਸਮਾਂ ਮਿਲਦਾ ਹੈ, ਮੈਂ ਕਲਮ ਤੇ ਕਾਗਜ਼ ਲੈ ਕੇ ਲਿਖਣ ਲਈ ਬੈਠ ਜਾਂਦਾ ਹਾਂ। ਫਿਰ ਲਿਖਦੇ-੨ ਮੈਂ ਕਿਹੜੀ ਦੁਨੀਆਂ'ਚ ਖੋ ਜਾਂਦਾ ਹਾਂ, ਮੈਨੂੰ ਆਪ ਨੂੰ ਵੀ ਪਤਾ ਨਹੀਂ ਚੱਲਦਾ।

ਇਸ ਵਕਤ ਮੈਨੂੰ ਖਿਆਲਾਂ ਵਿੱਚ ਡੁੱਬਿਆ ਵੇਖ ਨਿਮਰਤ ਮੁੜ ਤੋਂ ਆਪਣੀ ਗੱਲ ਦੁਹਰਾਉਣ ਲੱਗੀ।

ਨਿਮਰਤ- ਤੁਸੀਂ ਬੈਠੋ, ਮੈਂ ਹੁਣੇ ਤਾਹਡੇ ਲਈ ਚਾਹ ਲੈ ਕੇ ਆਈ।

ਇੰਨਾ ਆਖ਼ ਉਹ ਰਸੋਈ 'ਚ ਚਾਹ ਬਣਾਉਣ ਲਈ ਚਲੇ ਗਈ ਤੇ ਪਿੱਛੇ ਮੈਂ ਮਹਿਮਨਖ਼ਾਨੇ 'ਚ ਬੈਠਾ ਉਸਦੀ ਉਡੀਕ ਕਰਨ ਲੱਗਾ।

ਕੁੱਝ ਕੁ ਚਿਰਾਂ ਨੂੰ ਹੁਸਨ ਮੇਰੇ ਸਾਹਮਣੇ ਆ ਕੇ ਖੜ੍ਹ ਗਿਆ। ਮੈਂ ਉਸਨੂੰ ਆਪਣੇ ਕੋਲ ਬੈਠਣ ਲਈ ਕਿਹਾ। ਉਹ ਸੰਗਦਾ-੨ ਜਿਹਾ ਮੇਰੇ ਕੋਲ ਬੈਠ ਤਾਂ ਗਿਆ, ਪਰ ਉਸਨੇ ਕਿਹਾ ਕੁੱਝ ਨਾ। ਫਿਰ ਮੈਂ ਆਪ ਹੀ ਗੱਲਾਂ ਦਾ ਸਿਲਸਿਲਾ ਸ਼ੁਰੂ ਕਰਨ ਲਈ ਪੁੱਛਿਆ, "ਬੇਟਾ, ਤੁਸੀਂ ਸਕੂਲ ਜਾਂਦੇ ਹੋ...?"

ਹੁਸਨ- ਹਾਂਜੀ ਅੰਕਲ ਜੀ... ਮੈਂ ਸੱਤਵੀਂ ਵਿੱਚ ਪੜ੍ਹਦਾ ਹਾਂ... ਮੈਨੂੰ ਪੜ੍ਹਨਾ ਬਹੁਤ ਪਸੰਦ ਹੈ...ਮੈਂ ਤਾਂ ਚਾਹੁੰਦਾ ਹਾਂ ਕਿ ਮੈਂ ਵੱਡਾ ਹੋ ਕੇ ਡਾਕਟਰ ਬਣਾਂ...

ਮੈਂ- ਸ਼ਾਬਾਸ਼ ਬੇਟਾ...! ਏਦਾਂ ਹੀ ਮਨ ਲਗਾ ਕੇ ਪੜ੍ਹਦਾ ਰਹੀਂ... ਵੇਖੀਂ ਇੱਕ ਦਿਨ ਤੇਰੀ ਮਿਹਨਤ ਦਾ ਮੁੱਲ ਵੀ ਜ਼ਰੂਰ ਤੈਨੂੰ ਮਿਲੇਗਾ...

ਹੁਸਨ- ਹਾਂਜੀ ਅੰਕਲ ਜੀ...! ਅੱਛਾ ਅੰਕਲ ਜੀ, ਤਾਹਡੇ ਬੱਚੇ ਕਿੱਥੇ ਰਹਿੰਦੇ ਨੇ...?

ਮੈਂ- ਬੇਟਾ ਜੀ, ਮੇਰੇ ਦੋਵੇਂ ਹੀ ਬੱਚੇ ਤੁਹਾਡੇ ਤੋਂ ਕਾਫੀ ਵੱਡੇ ਨੇ....ਨਜ਼ਮ ਮੇਰਾ ਬੇਟਾ, ਜੋ ਮੌਂਟਰੀਅਲ(ਕੈਨੇਡਾ) ਵਿੱਚ ਰਹਿੰਦਾ ਹੈ, ਬੀ.ਟੈੱਕ(ਫ਼ਰਸਟ ਈਅਰ/ਪਹਿਲਾ ਸਾਲ) ਦੀ ਪੜ੍ਹਾਈ ਕਰ ਰਿਹਾ ਹੈ.... ਤੇ ਨਾਜ਼ਰੀਨ ਮੇਰੀ ਬੇਟੀ, ਮੈਲਬੋਰਨ(ਆਸਟ੍ਰੇਲੀਆ) ਵਿੱਚ ਵੈੱਲ ਸੈਟਲਡ ਹੈ.... ਯਾਨੀ ਕਿ ਉਹ ਉੱਥੇ ਹੀ ਵਿਆਹੀ ਹੋਈ ਹੈ...ਤੇ ਆਪਣੇ ਪਤੀ ਤੇ ਬੱਚਿਆਂ ਸਮੇਤ ਇੱਕ ਖੁਸ਼ਹਾਲ ਜ਼ਿੰਦਗੀ ਜੀਅ ਰਹੀ ਹੈ...

ਹੁਸਨ- ਅੱਛਾ ਅੰਕਲ ਜੀ...ਤੇ ਤਾਹਡੀ ਪਤਨੀ...? ਉਹ ਕਿੱਥੇ ਵੇ....?

ਹੁਸਨ ਦੇ ਇਸ ਸਵਾਲ ਤੇ ਹੁਣ ਮੈਂ ਮੌਨ ਸੀ।

ਹੁਸਨ- ਕੀ ਹੋਇਆ ਅੰਕਲ ਜੀ, ਚੁੱਪ ਕਿਉਂ ਹੋ ਗਏ...?

ਮੈਂ(ਅੱਖਾਂ ਪੂੰਝਦਾ ਹੋਇਆ)- ਕੁੱਝ ਨਹੀਂ ਬੇਟਾ ਜੀ...!

ਹੁਸਨ- ਤੁਸੀ ਰੋ ਰਹੇ ਹੋ...?

ਹੁਸਨ ਨੇ ਸ਼ਾਇਦ ਮੇਰੇ ਵੱਗਦੇ ਅੱਥਰੂ ਵੇਖ ਲਏ ਸੀ।

ਮੈਂ- ਨਹੀਂ...! ਨਹੀਂ...! ਐਸੀ ਕੋਈ ਗੱਲ ਨਹੀਂ...!!

ਸਾਡੇ ਗੱਲਾਂ ਕਰਨ ਦਰਮਿਆਨ ਹੀ ਨਿਮਰਤ ਚਾਹ ਲੈ ਕੇ ਆ ਗਈ।

ਹੁਸਨ- ਮੰਮੀ ਜੀ, ਇਹ ਅੰਕਲ ਜੀ ਹੁਣੇ-੨ ਰੋ ਰਹੇ ਸੀ...!

ਹੁਸਨ ਦੀ ਗੱਲ ਸੁਣਕੇ ਮੈਨੂੰ ਇੱਦਾਂ ਲੱਗ ਰਿਹਾ ਸੀ ਵੀ ਜਿਵੇਂ ਉਹ ਆਪਣੀ ਮੰਮੀ ਕੋਲ ਮੇਰੀ ਸ਼ਿਕਾਇਤ ਕਰ ਰਿਹਾ ਹੋਵੇ।

ਨਿਮਰਤ(ਹੈਰਾਨ ਹੋਈ)- ਸੱਚੀ ਤੁਸੀਂ ਰੋ ਰਹੇ ਸੀ ਕੀ...?

ਮੈਂ ਨਿਮਰਤ ਦੀ ਹੈਰਾਨੀ ਸਮਝਦਾ ਸੀ। ਪਰ ਮੈਂ ਉਸਦੇ ਸਵਾਲ ਨੂੰ ਬੜੀ ਹੀ ਸਫ਼ਾਈ ਜਿਹੀ ਨਾਲ ਟਾਲ ਦਿੱਤਾ। ਮਗਰੋਂ ਉਹ, ਚਾਹ ਦੇ ਕੱਪ(ਜੋ ਹੁਣੇ-੨ ਅਸੀਂ ਖਾਲੀ ਕੀਤੇ ਸਨ) ਲੈ ਕੇ ਰਸੋਈ ’ਚ ਚਲੀ ਗਈ।

ਮੈਂ(ਕੋਲ ਬੈਠੇ ਹੁਸਨ ਨੂੰ ਮੁਖ਼ਾਤਿਬ ਹੁੰਦਿਆਂ)- ਬੇਟਾ ਜੀ, ਕੱਲ ਤੁਸੀਂ ਘਬਰਾਏ ਤਾਂ ਨਹੀਂ ਸੀ...?

ਹੁਸਨ(ਸੋਚਦਾ ਹੋਇਆ)- ਅੰਕਲ ਜੀ, ਸੱਚ ਪੁੱਛੋਂ ਤਾਂ ਪਹਿਲਾਂ-ਪਹਿਲ ਤਾਂ ਮੈਂ ਘਬਰਾ ਹੀ ਬੜਾ ਗਿਆ ਸੀ... ਪਰ ਮਗਰੋਂ ਜਦ ਤੁਸੀਂ ਉਸ ਗੰਦੇ ਅੰਕਲ ਨੂੰ ਚਪੇੜ ਮਾਰੀ ਤਾਂ ਮੇਰੇ ਵਿੱਚ ਵੀ ਪਤਾ ਨਹੀਂ ਕਿੱਧਰੋਂ ਹਿੰਮਤ ਜਿਹੀ ਆ ਗਈ... ਤਾਹਨੂੰ ਪਤਾ ਅੰਕਲ ਜੀ, ਪੁਲਿਸ ਨੂੰ ਫ਼ੋਨ ਕੀਹਨੇ ਕੀਤਾ ਸੀ...?

ਮੈਂ- ਨਹੀਂ ਤਾਂ....!

ਹੁਸਨ(ਫ਼ਖਰ ਨਾਲ ਦੱਸਦਾ ਹੋਇਆ)- ਮੈਂ ਹੀ ਕੀਤਾ ਸੀ...!

ਮੈਂ- ਹੈਂ...! ਸੱਚੀਂ....!!

ਹੁਸਨ- ਹਾਂਜੀ, ਅੰਕਲ ਜੀ...!

ਮੈਂ(ਖੁਸ਼ੀ ਜਾਹਿਰ ਕਰਦਿਆਂ)- ਲੈ ਫੇਰ ਤਾਂ ਕਮਾਲ ਹੀ ਕਰ ਛੱਡੀ ਤੂੰ... ਪੁੱਤ ਏਦਾਂ ਹੀ ਹਮੇਸ਼ਾ ਦਲੇਰ ਬਣਿਆ ਰਹੀਂ... ਮੇਰੀਆਂ ਦੁਆਵਾਂ ਨੇ ਤੈਨੂੰ...!

ਹੁਸਨ ਦੀ ਇਸ ਬਹਾਦਰੀ ਤੇ ਮੈਂ ਬਹੁਤ ਖੁਸ਼ ਸੀ। ਕੁੱਝ ਹੋਰ ਚਿਰ ਉਸ ਕੋਲ ਠਹਿਰ ਕੇ ਮੈਂ ਵਾਪਸ ਆਪਣੇ ਘਰ ਆ ਗਿਆ।

ਏਦਾਂ ਹੀ ਕਰਦੇ-ਕਰਾਉਂਦੇ ਹਫ਼ਤਾ ਬੀਤ ਗਿਆ। ਪਰ ਜਗਜੀਤ ਦੀ ਕਿਧਰੋਂ ਵੀ ਕੋਈ ਸੂਹ ਨਾ ਮਿਲੀ। ਇਸ ਵਕਤ ਸਭਤੋਂ ਵੱਧ ਫ਼ਿਕਰ ਮੈਨੂੰ ਨਿਮਰਤ ਤੇ ਉਸਦੇ ਬੱਚਿਆਂ ਦੀ ਸਤਾ ਰਹੀ ਸੀ। ਰੱਬ ਜਾਣੈ ਹੁਣ ਅੱਗੇ ਕੀ ਹੋਣ ਵਾਲਾ ਸੀ....!!

ਜਗਜੀਤ ਨੂੰ ਲਾਪਤਾ ਹੋਇਆਂ ਮਹੀਨੇ ਤੋਂ ਉੱਪਰ ਬੀਤ ਗਿਆ। ਜਿਸ ਕਰਕੇ ਨਿਮਰਤ, ਜਗਜੀਤ ਨੂੰ ਲੈ ਕੇ ਕਾਫੀ ਪਰੇਸ਼ਾਨ ਰਹਿਣ ਲੱਗੀ। ਉਸਨੇ ਦੁਬਾਰਾ ਪੁਲਿਸ ਸਟੇਸ਼ਨ ਜਾ ਕੇ ਜਗਜੀਤ ਦੀ ਗੁੰਮਸ਼ੁਦਗੀ ਦੀ ਰਿਪੋਰਟ ਵੀ ਲਿਖਵਾਈ ਸੀ। ਪਰ ਪੁਲਿਸ ਮਹਿਕਮੇ ਵੱਲੋਂ ਹਾਲੇ ਤੱਕ ਵੀ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ।

ਨਿਮਰਤ ਦੇ ਘਰ ਦਾ ਗੁਜ਼ਾਰਾ ਹੁਣ ਬਹੁਤ ਹੀ ਮੁਸ਼ਕਿਲ ਹੋ ਗਿਆ ਸੀ। ਵਿਚਾਰੇ ਤਿੰਨ ਤੋਂ ਦੋ ਤੇ ਹੁਣ ਤਾਂ ਦੋ ਤੋਂ ਇੱਕ ਡੰਗ ਦੀ ਰੋਟੀ ਤੇ ਹੀ ਆਣ ਖਲੋਏ ਸਨ। ਗੁਆਂਢ ਵਿਚੋਂ ਵੀ ਹੁਣ ਉਹਨਾਂ ਨੂੰ ਮਦਦ ਮਿਲਣੀ ਘੱਟ ਹੋ ਗਈ ਸੀ। ਨਹੀਂ ਤਾਂ ਕੋਈ ਨਾ ਕੋਈ ਬੱਚਿਆਂ ਦੇ ਤਰਸਾਏ ਮੂੰਹ ਨੂੰ, ਥੋੜ੍ਹਾ-ਬਹੁਤ ਅੰਨ-ਜਲ ਤਾਂ ਦੇ ਹੀ ਜਾਂਦਾ ਸੀ।

ਜਗਜੀਤ ਦੇ ਲੰਮੇ ਸਮੇਂ ਤੋਂ ਹੀ ਗੁੰਮਸ਼ੁਦਾ ਰਹਿਣ ਕਰਕੇ ਗੁਆਂਢੀਆਂ ਨੇ ਵੀ ਨਿਮਰਤ ਤੇ ਉਸਦੇ ਪਰਿਵਾਰ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਸ਼ੁਰੂ ਕਰ ਦਿੱਤਾ ਸੀ। ਕੋਈ ਕਹਿੰਦਾ ਕਿ ਜਗਜੀਤ ਕਿਸੇ ਦੇ ਲੱਖਾਂ ਹੀ ਪੈਸੇ ਮਾਰ ਕੇ ਭੱਜ ਗਿਆ ਹੈ ਤੇ ਕੋਈ ਕਹਿੰਦਾ ਕਿ ਉਸਨੇ ਕਰਜ਼ੇ ਦੀ ਮਾਰ ਤੋਂ ਬੱਚਣ ਲਈ ਕੋਈ ਗਲਤ ਰਸਤਾ ਅਪਣਾ ਲਿਆ ਹੈ। ਲੋਕਾਂ ਦੀ ਤਾਂ ਉਹ ਗੱਲ ਹੋ ਗਈ ਸੀ, ਅਖੇ 'ਜਿੰਨੇ ਮੂੰਹ, ਓਨੀਆਂ ਗੱਲਾਂ'...!

ਪਰ ਅਸਲ ਤਸ਼ੱਦਦ ਤਾਂ ਨਿਮਰਤ ਤੇ ਉਸਦੇ ਪਰਿਵਾਰ ਨੂੰ ਝੱਲਣੀ ਪੈ ਰਹੀ ਸੀ। ਨਿਮਰਤ ਵਿਚਾਰੀ ਇੱਕ ਪਾਸੇ ਤਾਂ ਜਗਜੀਤ ਨੂੰ ਲੱਭਦੀ ਫਿਰਦੀ ਸੀ ਤੇ ਦੂਜੇ ਪਾਸੇ ਆਪਣੇ ਪਰਿਵਾਰ ਦਾ ਤੋਰੀ-ਫੁਲਕਾ ਚਲਾਉਣ ਖ਼ਾਤਰ ਕੋਈ ਕੰਮ ਲੱਭਣ ਦੇ ਆਹਰ ਵਿੱਚ ਲੱਗੀ ਹੋਈ ਸੀ।

ਕੁੱਝ ਦਿਨ ਹੋਏ, ਮੈਂ 'ਲੁਧਿਆਣੇ' ਗਿਆ ਹੋਇਆ ਸੀ। ਲੁਧਿਆਣੇ ਮੇਰੇ ਕਿਸੇ ਦੋਸਤ ਦੇ ਬੇਟੇ ਦੀ ਸ਼ਾਦੀ ਸੀ। ਸ਼ਾਦੀ ਦਾ ਸਮਾਗਮ ਜਦ ਖਤਮ ਹੋਇਆ ਤਾਂ ਮੈਂ ਬਿਨ੍ਹਾਂ ਦੇਰ ਕੀਤੇ ਓਸੇ ਸ਼ਾਮ ਹੀ 'ਅੰਮ੍ਰਿਤਸਰ' ਪਰਤ ਆਇਆ।

ਮੈਂ ਲੁਧਿਆਣੇ ਗਿਆ ਤਾਂ ਗੱਡੀ/ਟ੍ਰੇਨ ਰਾਹੀਂ ਸੀ, ਪਰ ਆਉਂਦੇ ਵਕਤ ਮੈਂ ਬੱਸ ਦੇ ਸਫ਼ਰ ਰਾਹੀਂ ਵਾਪਸ ਆਉਣਾ ਹੀ ਠੀਕ ਸਮਝਿਆ। ਕਿਉਂਜੋ ਮੈਨੂੰ ਮੁੜਦੇ ਵਕਤ ਕਾਫੀ ਹਨੇਰਾ ਹੋ ਚੱਲਿਆ ਸੀ ਤੇ ਮੈਂ ਇਹ ਨਹੀਂ ਸੀ ਚਾਹੁੰਦਾ ਕਿ ਮੈਂ ਆਪਣੀ ਅੱਧੀ ਤੋਂ ਵੱਧ ਰਾਤ ਗੱਡੀ/ਟ੍ਰੇਨ ਵਿੱਚ ਹੀ ਗੁਜ਼ਾਰਾਂ। ਖ਼ੈਰ! ਜਦ ਮੈਂ ਅੰਮ੍ਰਿਤਸਰ ਬੱਸ ਅੱਡੇ ਤੇ ਪਹੁੰਚਿਆ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਦੂਰ ਕਿਤੇ 'ਹੁਸਨ' ਖੜ੍ਹਾ ਵੇਖ ਲਿਆ ਹੋਵੇ...!

ਆਪਣੇ ਮਨ ਦਾ ਵਹਿਮ ਸਮਝ ਕੇ ਮੈਂ ਉਸ ਰਾਤ ਓਵੇਂ ਹੀ ਬੱਸ ਅੱਡੇ ਤੋਂ ਵਾਪਸ ਆਪਣੇ ਘਰ ਪਰਤ ਆਇਆ।

ਸਵੇਰ ਹੋਈ, ਮੈ ਨਿਮਰਤ ਦੇ ਘਰ, ਉਸਨੂੰ ਤੇ ਉਸਦੇ ਬੱਚਿਆਂ ਨੂੰ ਮਿਲਣ ਲਈ ਗਿਆ। ਪਰ ਨਿਮਰਤ ਤੇ ਹੁਸਨ ਇਹ ਦੋਵੇਂ ਹੀ ਮੈਨੂੰ ਘਰ ਵਿੱਚ ਕਿਤੇ ਵੀ ਨਾ ਦਿਸੇ। ਇਸ ਬਾਬਤ ਜਦ ਮੈਂ ਮਨਵੀਰ ਤੋਂ ਪੁੱਛਿਆ ਤਾਂ ਉਹ ਕਹਿਣ ਲੱਗਾ,

ਮਨਵੀਰ- ਅੰਕਲ ਜੀ, ਮੰਮੀ ਜੀ ਤਾਂ ਮੰਦਰ ਗਏ ਹੋਏ ਨੇ ਤੇ ਵੀਰਾ ਕੰਮ ਤੇ ਗਿਐ...!

ਮੈਂ ਹੈਰਾਨ ਕਿ ਹੁਸਨ ਕਿਹੜੇ ਕੰਮ ਤੇ ਗਿਐ....?! ਨਾਲੇ ਇੰਨੀ ਛੋਟੀ ਉਮਰੇ ਉਹਨੂੰ ਕੰਮ ਕਰਨ ਦੀ ਕੀ ਲੋੜ ਪੈ ਗਈ...??

ਮੈਂ- ਕਿਹੜੇ ਕੰਮ ਤੇ...?

ਮਨਵੀਰ- ਅੰਕਲ ਜੀ, ਉਹ ਲੁਧਿਆਣੇ ਗਿਐ... ਉਹ ਉੱਥੇ ਹੀ ਕਿਸੇ ਕਾਰਖ਼ਾਨੇ 'ਚ ਕੰਮ ਕਰਨ ਲੱਗ ਗਿਐ...!

ਮੈਂ- ਲੁਧਿਆਣੇ...!!

ਮਨਵੀਰ- ਹਾਂਜੀ, ਅੰਕਲ ਜੀ...! ਕਿਉਂ ਤਾਹਨੂੰ ਨਹੀਂ ਪਤਾ...?

ਮੈਂ- ਨਹੀਂ ਤਾਂ....!! ਮੈਨੂੰ ਤਾਂ ਸਗੋਂ ਤੇਰੇ ਮੂੰਹੋਂ ਹੀ ਪਤਾ ਲੱਗਾ...!

ਮਨਵੀਰ- ਕੋਈ ਨਾ ਅੰਕਲ ਜੀ... ਮੰਮੀ ਨੂੰ ਆਉਣ ਦਿਓ... ਉਹਨਾਂ ਤੋਂ ਪੁੱਛ ਲਿਓ ਸਭ ਕੁੱਝ...!

ਮੈਂ- ਹਾਂ ਠੀਕ ਹੈ...!

ਦਸਾਂ ਕੁ ਮਿੰਟਾਂ ਨੂੰ ਜਦ ਨਿਮਰਤ ਮੰਦਰ ਤੋਂ ਵਾਪਸ ਆਈ ਤਾਂ ਮੈਂ ਉਸਨੂੰ ਹੁਸਨ ਬਾਰੇ ਪੁੱਛਿਆ।

ਨਿਮਰਤ- ਕੀ ਦੱਸੀਏ, ਭਾਜੀ...! ਉਹਨਾਂ ਨੂੰ(ਜਗਜੀਤ ਨੂੰ) ਲਾਪਤਾ ਹੋਏ ਮਹੀਨੇ ਤੋਂ ਉੱਪਰ ਲੰਘ ਗਿਆ ਐ... ਪਤਾ ਨਹੀਂ ਉਹ ਕਿੱਥੇ ਨੇ, ਕਿੱਥੇ ਨਹੀਂ...!! ਪਿੱਛੇ ਘਰ ਦਾ ਗੁਜ਼ਾਰਾ ਮੁਸ਼ਕਿਲ ਹੋਇਆ ਪਿਆ ਐ....ਪਰਸੋਂ ਰਾਤੀਂ ਇੱਕ ਬੰਦਾ ਆਇਆ ਸੀ ਘਰੇ... ਕਹਿੰਦਾ ਸੀ ਕਿ ਜਗਜੀਤ ਉਹਨਾਂ ਦੇ ਇੱਧਰ ਹੀ ਕੰਮ ਕਰਦਾ ਸੀ... ਬੰਦਾ ਤਾਂ ਮੈਨੂੰ ਵੀ ਪਛਾਣਿਆ ਜਿਹਾ ਹੀ ਲੱਗਦਾ ਸੀ... ਸੋ ਮੈਂ ਉਸਨੂੰ ਅੰਦਰ ਬੁਲਾ ਲਿਆ... ਉਹ ਕਹਿੰਦਾ ਕਿ ਜਗਜੀਤ ਪਿਛਲੇ ਛੇ ਮਹੀਨਿਆਂ ਤੋਂ ਉਹਨਾਂ ਦਾ ਕਰਜ਼ਦਾਰ ਰਿਹਾ ਐ...ਵਿਆਜ਼ ਕੀ, ਉਹ ਤਾਂ ਸਗੋਂ ਮੂਲ ਵੀ ਨਹੀਂ ਮੋੜ ਪਾਇਆ ਐ..ਉਹਨੂੰ(ਉਸ ਬੰਦੇ ਨੂੰ) ਸ਼ੱਕ ਐ ਕਿ ਜਗਜੀਤ ਲੁਕ-ਛਿਪ ਕੇ ਕਿਤੇ ਨਸ਼ਾ-ਪੱਤਾ ਵੀ ਕਰਦਾ ਰਿਹਾ ਹੈ... ਸ਼ਾਇਦ ਆਪਣੀ ਇਸੇ ਤਲਬ ਦੇ ਚੱਲਦੇ ਉਹ ਉਹਨਾਂ ਦੀ ਦੁਕਾਨ ’ਚੋਂ ਅੰਦਾਜ਼ਨ ਦੱਸ ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਕੇ ਲੈ ਗਿਆ ਐ...ਪਰ ਹੁਣ ਉਸਦੀ(ਜਗਜੀਤ ਦੀ) ਭਾਲ ਕਰਨ ਤੇ ਵੀ ਉਹ ਕਿਤੋਂ ਵੀ ਥਿਆ ਨਹੀਂ ਰਿਹਾ... ਹੋ ਸਕਦਾ ਹੈ ਕਿ ਉਹ ਕਿਸੇ ਹੋਰ ਰਾਜ ਪਲਾਇਨ(ਦੂਜੇ ਕਿਸੇ ਰਾਜ ਵਿੱਚ ਜਾ ਕੇ ਰਹਿਣਾ) ਕਰ ਗਿਆ ਹੋਵੇ...!

ਇੰਨਾ ਆਖ਼ ਕੇ ਨਿਮਰਤ ਅੱਖਾਂ ਸਿੱਲੀਆਂ ਕਰਕੇ ਬੈਠ ਗਈ। ਮੈਂ ਉਸਨੂੰ ਹੌਂਸਲਾ ਦਿੰਦਿਆਂ ਅੱਗੇ ਦੱਸਣ ਲਈ ਕਿਹਾ।

ਨਿਮਰਤ- ਉਹ ਕਹਿੰਦਾ ਕਿ ਜਗਜੀਤ ਦੇ ਕਰਕੇ ਉਹਨਾਂ ਦਾ ਕਾਫੀ ਨੁਕਸਾਨ ਹੋਇਆ ਹੈ... ਇਸ ਲਈ ਉਹ ਚਾਹੁੰਦਾ ਹੈ ਕਿ ਮੈਂ(ਨਿਮਰਤ) ਜਿੱਥੋਂ ਕਿਤੋਂ ਵੀ ਹੋ ਸਕੇ, ਜਗਜੀਤ ਵੱਲੋਂ ਲਏ ਗਏ ਕਰਜ਼ੇ ਦੀ ਰਕਮ, ਵਿਆਜ਼/ਸੂਦ ਸਮੇਤ ਉਹਨਾਂ ਨੂੰ ਵਾਪਸ ਕਰਾਂ...!

ਮੈਂ- ਭਲਾ ਇਹ ਕੀ ਗੱਲ ਹੋਈ...! ਉਹ ਬੰਦਾ ਇਵੇਂ ਕਿਵੇਂ ਕਹਿ ਸਕਦਾ ਹੈ...? ਕੀ ਉਹਨੂੰ ਪਤਾ ਨਹੀਂ ਕਿ ਤੁਹਾਡੇ ਘਰ ਦੇ ਹਾਲਾਤ ਕਿਹੋ ਜਿਹੇ ਨੇ...? ਤੁਹਾਡੇ ਤਾਂ ਬੱਚੇ ਵੀ ਹਲੇ ਬਹੁਤ ਛੋਟੇ ਨੇ...!

ਨਿਮਰਤ- ਓਹੀ ਤਾਂ ਭਾਜੀ...! ਮੈਂ ਵੀ ਉਹਨਾਂ ਨੂੰ ਇਹੀ ਕਿਹਾ ਸੀ...ਪਰ ਉਹ ਸਨ ਕਿ ਮੰਨਣ ਨੂੰ ਤਿਆਰ ਹੀ ਨਹੀਂ ਸਨ...

ਮੈਂ- ਫਿਰ ਕੀ ਫੈਸਲਾ ਹੋਇਆ...?

ਨਿਮਰਤ- ਫੈਸਲਾ ਕੀ ਭਾਜੀ...! ਉਹਨਾਂ ਕਿਹਾ ਕਿ ਮੇਰਾ ਵੱਡਾ ਮੁੰਡਾ ਜੇ ਚਾਹੇ ਤਾਂ ਉਹਨਾਂ ਦਾ ਕਰਜ਼ਾ ਉਤਾਰ ਸਕਦਾ ਹੈ...!

ਨਿਮਰਤ ਦੀ ਇਸ ਅਖੀਰਲੀ ਗੱਲ ਨੇ ਮੇਰੀਆਂ ਹੁਸਨ ਨੂੰ ਲੈ ਕੇ ਸਭ ਸ਼ੰਕਾਵਾਂ ਦੂਰ ਕਰ ਦਿੱਤੀਆਂ। ਮੈਂ ਸਮਝ ਗਿਆ ਕਿ ਹੁਸਨ, ਲੁਧਿਆਣੇ ਕਿਉਂ ਜਾਂਦਾ ਹੈ ਤੇ ਉੱਥੇ ਉਹ ਕਿਸ ਲਈ ਕੰਮ ਕਰਦਾ ਹੈ।

ਮੈਂ- ਅੱਛਾ ਤਾਂ ਕੱਲ੍ਹ ਰਾਤ ਵੀ ਮੈਂ ਹੁਸਨ ਨੂੰ ਹੀ ਵੇਖਿਆ ਸੀ... ਉਹ ਮੈਨੂੰ ਬੱਸ ਅੱਡੇ ਤੇ ਖੜ੍ਹਾ ਮਿਲਿਆ ਸੀ... ਸ਼ਾਇਦ ਉਹ ਉਸ ਵਕਤ ਲੁਧਿਆਣੇ ਤੋਂ ਹੀ ਵਾਪਸ ਆ ਰਿਹਾ ਸੀ...

ਨਿਮਰਤ-ਹਾਂਜੀ ਭਾਜੀ...! ਕੱਲ੍ਹ ਉਸਦਾ ਕੰਮ ਤੇ ਪਹਿਲਾ ਦਿਨ ਸੀ...!

ਨਿਮਰਤ ਜਿਸ ਭੋਲੇ ਭਾ' ਨਾਲ ਗੱਲਾਂ ਕਰ ਰਹੀ ਸੀ, ਮੈਂ ਸਮਝ ਗਿਆ ਸੀ ਕਿ ਇਸਨੂੰ 'ਬਾਲ ਮਜ਼ਦੂਰੀ' ਬਾਰੇ ਕੁੱਝ ਵੀ ਪਤਾ ਨਹੀਂ...!

ਨਿਮਰਤ, ਜਿਸ ਨਾਲ ਕਿ ਮੇਰਾ ਇਨਸਾਨੀਅਤ ਤੋਂ ਵੀ ਵੱਧ ਕੇ ਰਿਸ਼ਤਾ ਸੀ, ਓਸ ਨਾਲ ਜਾਂ ਓਸਦੇ ਪਰਿਵਾਰ ਨਾਲ ਹੋ ਰਹੀ ਇਸ ਜ਼ਿਆਦਤੀ ਨੂੰ ਮੈਂ ਹਰਗਿਜ਼ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ।

ਮੈਂ 'ਬਾਲ-ਮਜ਼ਦੂਰੀ' ਦਾ ਵਿਰੋਧੀ ਸੀ ਤੇ ਇਸ ਕੁਰੀਤੀ ਪ੍ਰਤੀ ਵਿਰੋਧ ਦਾ ਇੱਕ ਕਾਰਨ ਮੇਰਾ ਆਪਣਾ ਅਤੀਤ ਸੀ...! ਬਚਪਨ ਵਿੱਚ ਮੇਰੇ ਨਾਲ ਵੀ ਕੁੱਝ ਅਜਿਹਾ ਹੀ ਹੋਇਆ ਸੀ। ਇਸ ਲਈ ਮੈਂ ਇਹ ਨਹੀਂ ਸੀ ਚਾਹੁੰਦਾ ਕਿ ਮੇਰੀਆਂ ਅੱਖਾਂ ਸਾਹਵੇਂ ਹੁਣ ਹੋਰ ਕਿਸੇ ਨਾਲ ਵੀ ਅਜਿਹਾ ਹੀ ਕੁੱਝ ਹੋਵੇ!

ਮੈਂ- ਪਰ ਇਹ ਤਾਂ ਗਲਤ ਹੈ ਨਾ...!!

ਨਿਮਰਤ- ਫਿਰ ਭਾਜੀ ਹੁਣ ਅਸੀਂ ਹੋਰ ਕੀ ਕਰ ਸਕਦੇ ਹਾਂ...?! ਜੇ ਹੁਸਨ ਬਾਹਰ ਜਾ ਕੇ ਨਹੀਂ ਕਮਾਏਗਾ ਤਾਂ ਅਸੀਂ ਤਾਂ ਫੇਰ ਭੁੱਖੇ ਮਰਾਂਗੇ...! ਨਾਲੇ ਜਿਹੜਾ ਕਰਜ਼ਾ ਸਾਡੇ ਮੱਥੇ ਮੜ੍ਹਿਆ ਗਿਆ ਐ, ਉਹ ਵੀ ਤੇ ਉਤਾਰਨਾ ਐ...!

ਮੈਂ- ਮੈਂ ਤੁਹਾਡੀ ਗੱਲ ਸਮਝਦਾਂ... ਪਰ ਕੀ ਤੁਹਾਨੂੰ ਪਤਾ ਹੈ ਕਿ ਬਾਲ-ਮਜ਼ਦੂਰੀ ਕਿੱਡਾ ਵੱਡਾ ਅਪਰਾਧ ਹੈ.... ਇਸ ਜ਼ੁਰਮ ਦੇ ਬਦਲੇ ਤੁਹਾਨੂੰ ਸਜ਼ਾ ਵੀ ਹੋ ਸਕਦੀ ਹੈ...!

ਨਿਮਰਤ(ਹੈਰਾਨ ਹੋਈ)- ਹੈਂ....!! ਸੱਚੀ ਭਾਜੀ....?

ਮੈਂ- ਤੇ ਹੋਰ ਕੀ....!

ਨਿਮਰਤ- ਪਰ ਸਜ਼ਾ ਸਾਨੂੰ ਕਿਉਂ ਭਾਜੀ....? ਅਸੀਂ ਕਿਹੜਾ ਜਾਣਬੁੱਝ ਕੇ ਕੁੱਝ ਕਰ ਰਹੇ...? ਇਹ ਤਾਂ ਸਾਡੀ ਮਜ਼ਬੂਰੀ ਐ ਬੱਸ...!

ਮੈਂ ਸਮਝ ਗਿਆ ਸੀ ਕਿ ਨਿਮਰਤ ਮੇਰੀਆਂ ਗੱਲਾਂ ਸੁਣਕੇ ਖਾਸਾ ਹੀ ਘਬਰਾ ਗਈ ਸੀ, ਸੋ ਮੈਂ ਉਸਨੂੰ ਸਮਝਾਉਂਦਿਆਂ ਹੋਇਆ ਕਿਹਾ,

ਮੈਂ- ਨਿਮਰਤ, ਭਾਵੇਂ ਤੁਹਾਡੇ ਲਈ ਇਹ ਇੱਕ ਮਜ਼ਬੂਰੀ ਹੋ ਸਕਦੀ ਹੈ...ਪਰ ਕਾਨੂੰਨ ਲਈ ਤਾਂ ਇਹ ਇੱਕ ਅਪਰਾਧ ਹੀ ਹੈ ਨਾ...! ਮੇਰੀ ਗੱਲ ਮੰਨੋ... ਹੁਸਨ ਨੂੰ ਕੰਮ ਤੋਂ ਹਟਾ ਲਵੋ.... ਹਲੇ ਤਾਂ ਉਹ ਆਪ ਵਿਚਾਰਾ ਨਿਆਣਾ ਹੈ... ਉਹਨੂੰ ਕੰਮ-ਕਾਰ ਦੀ ਕਿੱਥੇ ਕੋਈ ਸਮਝ...!

ਨਾਲੇ ਕੀ ਪਤਾ, ਕਾਰਖ਼ਾਨੇ 'ਚ ਉਸਤੋਂ ਕੈਸਾ ਕੰਮ ਲਿਆ ਜਾਂਦਾ ਹੈ... ਜੇ ਕੋਈ ਕੰਮ ਜ਼ੋਖਮ ਭਰਿਆ ਹੋਇਆ... ਫੇਰ...!! ਕੀ ਤਦ ਵੀ ਤੁਸੀਂ ਆਪਣੇ ਬੱਚੇ ਦੀ ਪਰਵਾਹ ਨਹੀਂ ਕਰੋਗੇ...? ਕੀ ਤੁਸੀਂ ਆਪਣੇ ਘਰ ਦੀ ਆਰਥਿਕ ਤੰਗੀ ਦੇ ਬੋਝ ਥੱਲੇ ਉਸ ਵਿਚਾਰੀ ਜਾਨ ਨੂੰ ਹੀ ਦੱਬ ਦਿਓਗੇ...? ਕੀ ਤੁਹਾਡੀ ਮਜ਼ਬੂਰੀ, ਤੁਹਾਡੀ ਮਮਤਾ ਤੋਂ ਵੀ ਵੱਧ ਕੇ ਹੋ ਗਈ ਹੈ....?

ਨਿਮਰਤ- ਨਹੀਂ... ਨਹੀਂ... ਹਰਗਿਜ਼ ਵੀ ਨਹੀਂ...! ਮੈਂ ਆਪਣੇ ਬੱਚੇ ਨਾਲ ਏਦਾਂ ਅਨਿਆਂ ਨਹੀਂ ਹੋਣ ਦਿਆਂਗੀ... ਤੁਸੀਂ ਠੀਕ ਕਹਿ ਰਹੇ ਓ ਭਾਜੀ...! ਮੈਂ ਅੱਜ ਹੀ ਹੁਸਨ ਨਾਲ ਗੱਲ ਕਰਾਂਗੀ ਕਿ ਉਹ ਕੱਲ੍ਹ ਤੋਂ ਕੰਮ ਤੇ ਨਾ ਜਾਇਆ ਕਰੇ...!

ਮੈਂ(ਨਿਮਰਤ ਦੇ ਸਿਰ ਤੇ ਅਸੀਸ ਦਿੰਦਿਆਂ)- ਸ਼ਾਬਾਸ਼ ਨਿਮਰਤ! ਮੈਨੂੰ ਤੈਥੋਂ ਇਹੀ ਉਮੀਦ ਸੀ....!

ਦੋ ਦਿਨਾਂ ਮਗਰੋਂ ਲਾਪਤਾ ਹੋਇਆ ਜਗਜੀਤ ਵੀ ਘਰ ਬਹੁੜ ਆਉਂਦਾ ਹੈ। ਨਿਮਰਤ ਤੇ ਉਸਦੇ ਬੱਚੇ ਪਹਿਲਾਂ ਤਾਂ ਜਗਜੀਤ ਨੂੰ ਘਰ ਵਾਪਸ ਆਇਆ ਵੇਖ ਬਹੁਤ ਖੁਸ਼ ਹੁੰਦੇ ਹਨ। ਪਰ ਮਗਰੋਂ ਨਿਮਰਤ, ਜਗਜੀਤ ਤੇ ਆਪਣਾ ਗੁੱਸਾ ਕੱਢਦੀ ਹੋਈ ਕਹਿੰਦੀ ਹੈ,

ਨਿਮਰਤ- ਤੁਸੀਂ ਕਿੱਥੇ ਚਲੇ ਗਏ ਸੀ...? ਤੁਹਾਨੂੰ ਪਤਾ, ਤੁਹਾਡੇ ਪਿੱਛੇ ਸਾਡਾ ਕਿੰਨਾ ਮਾੜਾ ਹਾਲ ਹੋ ਗਿਆ ਸੀ...!

ਜਗਜੀਤ- ਮੈਨੂੰ ਮਾਫ਼ ਕਰਦੇ ਨਿਮਰਤ...! ਮੈਂ ਆਪਣੀ ਗਲਤੀ ਤੇ ਬਹੁਤ ਸ਼ਰਮਿੰਦਾ ਹਾਂ....ਮੈਂ ਸਮਝ ਸਕਦਾ ਹਾਂ ਕਿ ਤੁਹਾਨੂੰ ਮੇਰੇ ਪਿੱਛੋਂ ਕਿੰਨੀ ਦਿੱਕਤ ਆਈ ਹੋਵੇਗੀ... ਪਰ ਮੈਂ ਕੀ ਕਰਦਾ, ਨਿਮਰਤ...? ਮੈਂ ਮਜ਼ਬੂਰ ਸੀ...!!

ਨਿਮਰਤ- ਐਸੀ ਵੀ ਕੀ ਮਜ਼ਬੂਰੀ ਸੀ ਤੁਹਾਡੀ...? ਜੋ ਤੁਸੀਂ ਆਪਣੇ ਪਰਿਵਾਰ ਨੂੰ ਹੀ ਤਨਹਾ ਛੱਡਕੇ ਚਲੇ ਗਏ...!!

ਜਗਜੀਤ- ਕੀ ਦੱਸਾਂ ਨਿਮਰਤ, ਅਸਲ ਪਿਛਲੇ ਕੁੱਝ ਸਮੇਂ ਤੋਂ ਮੇਰੀ ਸੰਗਤ ਬੜੀ ਹੀ ਮਾੜੀ ਰਹੀ ਹੈ...ਤੇ ਇਸ ਮਾੜੀ ਸੰਗਤ ਕਰਕੇ ਅੱਗਿਓਂ ਮੇਰੀ ਕਿਸਮਤ ਵੀ...! ਤੈਨੂੰ ਪਤਾ ਮੈਂ ਪਿਛਲੇ ਛੇ ਮਹੀਨਿਆਂ ਤੋਂ ਨਸ਼ੇ-ਪੱਤੇ ਕਰਦਾ ਰਿਹਾ ਹਾਂ...! ਆਪਣੀ ਇਸ ਤਲਬ ਨੂੰ ਪੂਰਾ ਕਰਨ ਲਈ ਹੀ ਮੈਂ ਹਰ ਮਹੀਨੇ ਮਾਲਕ ਤੋਂ ਉਧਾਰ ਮੰਗਦਾ ਰਿਹਾ... ਪਰ ਇੱਕ ਦਿਨ ਮਾਲਕ ਨੇ ਮੈਨੂੰ ਪੈਸੇ ਦੇਣੋਂ ਇਨਕਾਰ ਕਰ ਦਿੱਤਾ...

ਮੈਨੂੰ ਮਾਲਕ ਤੇ ਬੜਾ ਗੁੱਸਾ ਆਇਆ...ਫਿਰ ਮੈਂ ਸੋਚਿਆ ਕਿ ਅੱਜ ਨਹੀਂ ਤੇ ਕੱਲ੍ਹ, ਉਹ ਮੈਨੂੰ ਉਧਾਰੀ ਦੇ ਹੀ ਦੇਵੇਗਾ... ਪਰ ਜਦੋਂ ਅਗਲੇ ਦਿਨ ਵੀ ਉਹ ਮੈਨੂੰ ਉਧਾਰੀ ਦੇਣ ਤੋਂ ਮੁਕਰ ਗਿਆ ਤੇ ਮੈਥੋਂ ਆਪਣੇ ਹੁਣ ਤੱਕ ਦੇ ਲਿੱਤੇ ਪੈਸਿਆਂ ਦਾ ਹਿਸਾਬ-ਕਿਤਾਬ ਮੰਗਣ ਲੱਗਾ, ਤਾਂ ਮੈਂ ਆਪਣੀ ਆਈ ਤੇ ਟਾਲ-ਮਟੋਲ ਜਿਹੀ ਕਰਨ ਲੱਗਾ...ਹੋਰ ਮੈਂ ਕਹਿੰਦਾ ਵੀ ਤੇ ਕੀ ਕਹਿੰਦਾ...? ਮੇਰੇ ਕੋਲ ਇਸ ਬਾਬਤ ਕੋਈ ਜਵਾਬ ਜੋ ਨਹੀਂ ਸੀ...!

ਮਗਰੋਂ ਦੋ-ਚਾਰ ਦਿਨ ਏਦਾਂ ਹੀ ਲੰਘ ਗਏ... ਇੱਧਰ ਮਾਲਕ ਮੇਰੇ ਤੇ ਪੈਸੇ ਮੋੜਨ ਦਾ ਦਬਾਅ ਪਾ ਰਿਹਾ ਸੀ ਤੇ ਉੱਧਰ ਮੇਰੇ ਨਸ਼ੇ ਦੀ ਤਲਬ ਮੈਨੂੰ ਸੁੱਕ ਕੇ ਤੀਲਾ ਕਰੀ ਜਾ

ਰਹੀ ਸੀ...ਫਿਰ ਮੈਂ ਫੈਸਲਾ ਲਿਆ ਕਿ ਏਦਾਂ ਤਾਂ ਮੇਰੇ ਮਾਲਕ ਨੇ ਮੈਨੂੰ ਪੈਸੇ ਨਹੀਂ ਜੇ ਦੇਣੇ, ਕਿਉਂ ਨਾ ਮੈਂ ਦੁਕਾਨ ਦੀ ਗੁੱਲਕ 'ਚੋਂ ਹੀ ਪੈਸੇ ਲੈ ਕੇ ਭੱਜ ਜਾਵਾਂ...!

ਇਸ ਤਰਾਂ ਉਸ ਰਾਤ, ਜਦ ਮੈਂ ਘਰ ਨਹੀਂ ਸੀ ਆਇਆ, ਮੈਂ ਓਸੇ ਰਾਤ ਹੀ ਆਪਣੇ ਮਾਲਕ ਦੀ ਦੁਕਾਨ ਤੋਂ ਨਕਦੀ ਦੀ ਚੋਰੀ ਕਰਕੇ ਬਿਹਾਰ ਚਲਾ ਗਿਆ ਸੀ... ਕਿਉਂਕਿ ਮੈਨੂੰ ਪਤਾ ਸੀ ਕਿ ਇੱਥੇ ਮੈਨੂੰ ਕਿਸੇ ਨੇ ਲੱਭਣ ਨਹੀਂ ਜੇ ਆਉਣਾ... ਪਰ ਥੋੜੇ ਹੀ ਦਿਨ ਆਪਣੇ ਘਰ ਤੋਂ ਦੂਰ ਰਹਿਕੇ ਮੈਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਮੈਂ ਕਿੰਨਾ ਗਲਤ ਕੀਤਾ ਸੀ...

ਵਾਰ-੨ ਮੈਨੂੰ ਤੇਰਾ(ਨਿਮਰਤ ਦਾ) ਤੇ ਆਪਣੇ ਬੱਚਿਆਂ ਦਾ ਚਿਹਰਾ ਨਜ਼ਰ ਆ ਰਿਹਾ ਸੀ... ਮੈਂ ਖੁਦ ਨੂੰ ਦੋਸ਼ੀ ਬਣਿਆ ਮਹਿਸੂਸ ਕਰ ਰਿਹਾ ਸੀ...ਏਦਾਂ ਲੱਗ ਰਿਹਾ ਸੀ ਵੀ ਜਿਵੇਂ ਮੈਂ ਕੋਈ ਬਹੁਤ ਵੱਡਾ ਪਾਪ ਕਰ ਦਿੱਤਾ ਹੋਵੇ...ਮੇਰੀ ਜ਼ਮੀਰ ਮੈਨੂੰ ਵਾਰ-੨ ਲਾਹਨਤਾਂ ਪਾ ਰਹੀ ਸੀ...

ਦੋ ਦਿਨ ਪਹਿਲਾਂ ਜਦ ਮੈਂ ਬਿਹਾਰ ਤੋਂ ਗੱਡੀ ਫੜ੍ਹਕੇ ਪੰਜਾਬ ਆਇਆ ਤੇ ਮਗਰੋਂ ਅੰਮ੍ਰਿਤਸਰ ਆਉਣ ਲਈ ਬੱਸ 'ਚ ਆਕੇ ਬੈਠਿਆ, ਤਾਂ ਪਤਾ ਨਿਮਰਤ, ਮੈਨੂੰ ਬੱਸ 'ਚ ਕੌਣ ਬੈਠਾ ਦਿੱਸਿਆ..?

ਨਿਮਰਤ- ਕੌਣ...?

ਜਗਜੀਤ- ਆਹੀ ਆਪਣਾ ਹੁਸਨ...!

ਨਿਮਰਤ(ਚੌਂਕਦੀ ਹੋਈ)- ਫਿਰ ਜੇ ਤੁਸੀਂ ਹੁਸਨ ਨੂੰ ਵੇਖ ਹੀ ਲਿਆ ਸੀ ਤਾਂ ਤੁਸੀਂ ਉਸਨੂੰ ਬੁਲਾਇਆ ਕਿਉਂ ਨਹੀਂ...? ਕੀ ਹੁਸਨ ਨੇ ਤਾਹਨੂੰ ਨਹੀਂ ਸੀ ਵੇਖਿਆ...?

ਜਗਜੀਤ- ਨਹੀਂ...! ਉਸਨੇ ਮੈਨੂੰ ਨਹੀਂ ਸੀ ਵੇਖਿਆ...ਮੈਂ ਤਾਂ ਸਗੋਂ ਸ਼ੁਕਰ ਕਰਦਾ ਪਿਆ ਸੀ ਕਿ ਹੁਸਨ ਦਾ ਧਿਆਨ ਮੇਰੇ ਤੇ ਨਹੀਂ ਸੀ ਪਿਆ... ਵਰਨਾ ਮੈਂ ਕਿਸ ਮੂੰਹ ਨਾਲ ਉਸਦਾ ਸਾਹਮਣਾ ਕਰਦਾ...?

ਨਿਮਰਤ- ਪਰ ਸਾਹਮਣਾ ਤਾਂ ਤੁਹਾਨੂੰ ਹੁਣ ਵੀ ਕਰਨਾ ਪੈਣਾ...!

ਜਗਜੀਤ- ਹਾਂ...! ਮੈਂ ਜਾਣਦਾਂ...! ਪਰ ਹੁਣ ਮੈਂ ਖੁਦ ਨੂੰ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਕਰ ਲਿਆ ਹੈ...

ਨਿਮਰਤ- ਅੱਛਾ ਜੇ ਇਹ ਗੱਲ ਹੈ ਤਾਂ ਫਿਰ ਤਾਂ ਬਹੁਤ ਚੰਗਾ ਹੈ... ਮੈਨੂੰ ਤੁਹਾਡੇ ਲਏ ਫੈਸਲੇ ਤੇ ਮਾਣ ਹੈ...

ਜਗਜੀਤ- ਹਾਂ, ਪਰ ਕੀ ਤੂੰ ਜਾਣਨਾ ਨਹੀਂ ਚਾਹੇਂਗੀ ਕਿ ਮੇਰੇ ’ਚ ਸੱਚ ਦਾ ਸਾਹਮਣਾ ਕਰਨ ਦੀ ਦਲੇਰੀ ਕਿਵੇਂ ਤੇ ਕਿੱਥੋਂ ਆਈ...?!

ਨਿਮਰਤ- ਕਿਉਂ ਨਹੀਂ...! ਦੱਸੋ ਉਸ ਸਖ਼ਸ਼ ਦਾ ਨਾਂ...!

ਜਗਜੀਤ- ਉਹ ਆਪਣਾ ਹੀ ਗੁਆਂਢੀ ਹੈ...!

ਨਿਮਰਤ- ਕੌਣ...? *...ਭਾਜੀ! (*ਕਾਲਪਨਿਕ 'ਮੈਂ' ਪਾਤਰ)

ਜਗਜੀਤ- ਹਾਂ...! ਇਹ ਨੇਕ ਬੰਦੇ ਓਹੀਓ ਨੇ...! ਸੱਚ ਜਾਣੀ ਨਿਮਰਤ, ਉਹਨਾਂ ਨੇ ਤਾਂ ਮੇਰੀਆਂ ਅੱਖਾਂ ਹੀ ਖੋਲ੍ਹ ਛੱਡੀਆਂ... ਤੇ ਨਾਲੇ ਮੈਨੂੰ ਇੱਕ ਬਹੁਤ ਵੱਡੇ ਪਾਪ ਦਾ ਭਾਗੀ ਬਣਨ ਤੋਂ ਬਚਾ ਲਿਆ...!

ਨਿਮਰਤ- ਪਾਪ...! ਕੈਸਾ ਪਾਪ...?

ਜਗਜੀਤ- ਹਾਂ ਨਿਮਰਤ...ਦੋ ਦਿਨ ਪਹਿਲਾਂ ਜਦ ਮੈਂ ਬੱਸ ਤੋਂ ਉਤਰ ਕੇ ਅੰਮ੍ਰਿਤਸਰ ਅੱਡੇ(ਬੱਸ ਅੱਡੇ) ਤੇ ਪਹੁੰਚਿਆ ਤਾਂ ਮੈਨੂੰ ਥੋੜੀ ਹੀ ਦੂਰੀ ਤੇ ਇਹ ਭਾਜੀ ਖੜ੍ਹੇ ਦਿਸੇ...

ਮੈਂ ਇਹਨਾਂ ਨੂੰ ਪਛਾਣ ਲਿਆ ਤੇ ਇਹਨਾਂ ਦੇ ਇਸ ਵਕਤ ਬੱਸ ਅੱਡੇ ਤੇ ਖੜ੍ਹੇ ਹੋਣ ਬਾਬਤ ਪੁੱਛਿਆ... ਇਹਨਾਂ ਮੈਨੂੰ ਦੱਸਿਆ ਕਿ ਇਹ ਹੁਸਨ ਨੂੰ ਉਡੀਕਣ ਡਹੇ ਨੇ...

ਹੁਸਨ ਦਾ ਨਾਂ ਸੁਣਕੇ ਮੈਂ ਘਬਰਾ ਜਿਹਾ ਗਿਆ...ਤੇ ਮੈਂ ਉਥੋਂ ਤੁਰਤ ਹੀ ਖਿਸਕਣ ਦੀ ਕਰਨ ਲੱਗਾ... ਪਰ ਫਿਰ ਭਾਜੀ ਨੇ ਮੈਨੂੰ ਰੋਕ ਲਿਆ ਤੇ ਬੜੇ ਹੀ ਪਿਆਰ ਨਾਲ ਮੈਨੂੰ ਸਭ ਕੁੱਝ ਸਮਝਾਇਆ... ਮੈਨੂੰ ਹੁਸਨ ਦੇ ਲੁਧਿਆਣੇ ਕਿਸੇ ਫੈਕਟਰੀ ਵਿੱਚ ਕੰਮ ਕਰਨ ਬਾਬਤ ਵੀ ਭਾਜੀ ਨੇ ਹੀ ਦੱਸਿਆ...

ਇਸ ਵਕਤ ਮੈਨੂੰ ਆਪਣੇ ਆਪ ਤੇ ਬਹੁਤ ਹੀ ਗੁੱਸਾ ਆਇਆ..ਮੈਂ ਸੋਚਣ ਲੱਗਾ ਕਿ ਮੈਂ ਕਿੰਨਾ ਗਲਤ ਫੈਸਲਾ ਲਿਆ ਸੀ..ਪਰ ਮੇਰੇ ਲਏ ਇਸ ਇੱਕ ਗਲਤ ਫੈਸਲੇ ਦਾ ਅੰਜ਼ਾਮ ਮੇਰੇ ਪਰਿਵਾਰ ਨੂੰ ਭੋਗਣਾ ਪਿਆ...ਭਾਜੀ ਨੇ ਹੀ ਮੈਨੂੰ ਹੁਣ ਤੱਕ ਦੀ ਸਾਰੀ ਬੀਤੀ ਕਹਾਣੀ ਦੱਸੀ... ਮਗਰੋਂ ਮੈਂ ਹੁਸਨ ਨੂੰ ਘਰ ਭੇਜ ਕੇ ਆਪ ਅਗਲੇ ਦਿਨ ਭਾਜੀ ਹੁਰਾਂ ਦੇ ਨਾਲ ਲੁਧਿਆਣੇ ਚਲਾ ਗਿਆ... ਮੈਂ ਹੁਸਨ ਨੂੰ ਪਹਿਲਾਂ ਹੀ ਸਮਝਾ ਦਿੱਤਾ ਸੀ ਕਿ ਉਹ ਘਰ ਜਾ ਕੇ ਮੇਰੇ ਬਾਰੇ ਫਿਲਹਾਲ ਕਿਸੇ ਨੂੰ ਨਾ ਦੱਸੇ...!

ਨਿਮਰਤ- ਅੱਛਾ ਤਾਂ ਮਤਲਬ ਹੁਸਨ ਪਹਿਲਾਂ ਹੀ ਤਾਹਡੇ ਨਾਲ ਮਿਲ ਚੁੱਕਾ ਸੀ..ਮੈਂ ਵੀ ਕਹਾਂ ਕਿ ਉਹ ਇੰਨੀ ਛੇਤੀ ਮੰਨ ਕਿਵੇਂ ਗਿਆ...!

ਜਗਜੀਤ- ਹਾਂ...! ਫਿਰ ਨਿਮਰਤ ਅਸੀਂ, ਯਾਨੀ ਮੈਂ ਤੇ ਭਾਜੀ ਲੁਧਿਆਣੇ ਓਸੇ ਫੈਕਟਰੀ 'ਚ ਗਏ... ਜਿੱਥੇ ਕਿ ਹੁਸਨ ਕੰਮ ਕਰਦਾ ਸੀ ਜਾਂ ਕਹਿ ਲੈ ਕਿ ਜਿੱਥੇ ਕੰਮ ਕਰਨ ਲਈ ਹੁਸਨ ਨੂੰ ਮੇਰੇ ਦੁਕਾਨ ਦੇ ਮਾਲਕ ਵੱਲੋਂ ਭੇਜਿਆ ਗਿਆ ਸੀ..ਉਥੇ ਮੈਂ ਦੋ-ਚਾਰ ਲੋਕਾਂ ਤੋਂ ਪੁੱਛ-ਪੜਤਾਲ ਕੀਤੀ....ਤਾਂ ਪਤਾ ਲੱਗਿਆ ਕਿ ਮਾਲਕ ਅੱਜ ਦੋ ਵਜੇ ਫੈਕਟਰੀ ਆਉਣ ਵਾਲਾ ਹੈ...

ਸੋ ਦੋ ਵੱਜਣ ਤਾਈਂ ਮੈਂ ਤੇ ਭਾਜੀ, ਮਾਲਕ ਦਾ ਇੰਤਜ਼ਾਰ ਕਰਦੇ ਰਹੇ... ਵਿੱਚ ਜਿਹੇ ਜਦ ਮੈਨੂੰ ਲੋੜ ਜਾਪੀ ਤਾਂ ਮੈਂ ਬਾਥਰੂਮ ਕਰਨ ਲਈ ਉੱਠਿਆ... ਕਿਸੇ ਕਾਮੇ/ਮਜ਼ਦੂਰ

ਤੋਂ ਰਾਹ ਪੁੱਛਕੇ ਮੈਂ ਫੈਕਟਰੀ ਦੇ ਪਿਛਲੇ ਪਾਸੀਂ ਚਲਾ ਗਿਆ(ਜਿੱਥੇ ਕਿ ਬਾਥਰੂਮ ਬਣੇ ਹੋਏ ਸਨ)...

ਮੈਂ ਵੇਖਿਆ ਕਿ ਫੈਕਟਰੀ ਦੇ ਪਿਛਲੇ ਪਾਸੇ ਵੀ ਇੱਕ ਖੁੱਲ੍ਹਾ ਜਿਹਾ ਵਰਾਂਡਾ ਬਣਿਆ ਹੋਇਆ ਸੀ...ਇੱਥੇ ਕੁੱਝ ਬੱਚੇ ਵੀ ਬੈਠੇ ਸਨ... ਅੰਦਾਜ਼ਨ ਦੱਸ ਤੋਂ ਚੋਦਾਂ ਵਰ੍ਹਿਆਂ ਦੀ ਉਮਰ ਦੇ... ਬੱਚਿਆਂ ਨੂੰ ਵੇਖ ਮੈਨੂੰ ਹੁਸਨ ਦਾ ਚੇਤਾ ਆਇਆ...

ਮੈਂ ਬੱਚਿਆਂ ਦੇ ਕੋਲ ਗਿਆ... ਵੇਖਿਆ ਉਹ ਬੱਚੇ ਪਟਾਖੇ(ਦੀਵਾਲੀ ਵਾਲੇ ਪਟਾਖੇ) ਬਣਾ ਰਹੇ ਸਨ... ਕੋਲ ਹੀ ਕੁੱਝ ਬੋਰੀਆਂ ਵਗੈਰਾ ਪਈਆਂ ਸਨ... ਜਿਸ ’ਚ ਕਿ ਸ਼ਾਇਦ ਬਾਰੂਦ ਹੀ ਸੀ...ਬਾਕੀ ਪਟਾਖੇ ਬਣਾਉਣ ਦਾ ਨਿੱਕ-ਸੁੱਕ ਜਿਹਾ ਕਿ ਧਾਗਾ ਤੇ ਰੰਗੀਨ ਕਾਗਜ਼, ਪੈਕਿੰਗ ਵਾਲੇ ਗੱਤੇ ਦੇ ਡੱਬੇ ਆਦਿ ਵੀ ਲਾਗੇ ਹੀ ਪਏ ਨਜ਼ਰੀਂ ਆ ਰਹੇ ਸਨ...

ਮੈਂ ਤੁਰਤ ਮਾਮਲਾ ਸਮਝ ਗਿਆ... ਭਾਜੀ ਵੀ ਮੈਨੂੰ ਕਹਿਣ ਲੱਗੇ ਕਿ ਇਥੇ ਜ਼ਰੂਰ ਹੀ ਬੱਚਿਆਂ ਤੋਂ ਕੰਮ ਲਿਆ ਜਾ ਰਿਹਾ ਹੈ... ਸਾਨੂੰ ਇਸਦੀ ਖ਼ਬਰ ਪੁਲਿਸ ਨੂੰ ਕਰਨੀ ਚਾਹੀਦੀ ਹੈ... ਬੱਸ ਫੇਰ ਕੀ ਸੀ...ਭਾਜੀ ਨੇ ਲੁਧਿਆਣਾ ਪੁਲਿਸ ਨੂੰ ਫ਼ੋਨ ਮਿਲਾਇਆ.. ਪੁਲਿਸ ਆਈ ਤੇ ਮਾਲਕ ਤੇ ਬਾਲ-ਮਜ਼ਦੂਰੀ ਕਰਾਉਣ ਦਾ ਪਰਚਾ ਪਾ ਕੇ ਚਲੀ ਗਈ...

ਮਾਲਕ ਤਾਂ ਸਗੋਂ ਓਸ ਵਕਤ ਵੀ ਮੈਨੂੰ ਅੱਖਾਂ ਦਿਖਾਉਂਦਾ ਰਿਹਾ... ਪਰ ਭਾਜੀ ਨੇ ਮੈਨੂੰ ਕਿਹਾ ਕਿ ਮੈਂ ਘਬਰਾਵਾਂ ਨਾ... ਇਹੋ ਜਿਹੇ ਲੋਕੀਂ ਸਿਰਫ ਸ਼ਕਤੀ ਦੇ ਦਮ ਤੇ ਹੀ ਦਬਾਉਣਾ ਜਾਂ ਡਰਾਉਣਾ ਜਾਣਦੇ ਨੇ... ਪਰ ਜਦ ਦੋ-ਚਾਰ ਦਿਨ ਹਵਾਲਾਤ ’ਚ ਰਹਿੰਦੇ ਨੇ ਤਾਂ ਇਹਨਾਂ ਦੀ ਸਾਰੀ ਆਕੜ ਭੰਨੀ ਜਾਂਦੀ ਹੈ... ਮਗਰੋਂ ਪੁਲਿਸ ਨੇ ਫੈਕਟਰੀ ਨੂੰ ਕੁੱਝ ਦਿਨਾਂ ਲਈ ਸੀਲ ਕਰ ਦਿੱਤਾ ਤੇ ਬੱਚਿਆਂ ਨੂੰ ਉਹਨਾਂ ਦੇ ਆਪੋ-ਆਪਣੇ ਮਾਪਿਆਂ ਦੇ ਹਵਾਲੇ ਕਰ ਦਿੱਤਾ..

ਜਾਂਦੀ ਵਾਰੀ ਵੀ ਭਾਜੀ ਨੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਸਮਝਾਇਆ ਕਿ ਬਾਲ-ਮਜ਼ਦੂਰੀ ਕਰਾਉਣਾ ਕਿੰਨਾ ਵੱਡਾ ਅਪਰਾਧ ਹੈ...ਰੱਬ ਨਾ ਕਰੇ ਜੇ ਕਿਸੇ ਬੱਚੇ ਦੀ ਅਣਗਹਿਲੀ ਕਰਕੇ ਇੱਥੇ ਕੁੱਝ ਅਣਸੁਖਾਵਾਂ ਵਾਪਰ ਜਾਂਦਾ... ਫੇਰ...!

ਕੀ ਮਾਲਕ(ਕਾਰਖਾਨੇ ਦੇ ਮਾਲਕ; ਵਿਆਪਕ ਅਰਥਾਂ ਵਿੱਚ ਉਤਪਾਦਨ ਦੇ ਸਾਧਨਾਂ ਦੇ ਮਾਲਕ) ਕਿਸੇ ਨੂੰ ਕੁੱਝ ਦੱਸਦੇ...? ਉਹਨਾਂ ਨੂੰ ਤਾਂ ਕੇਵਲ ਆਪਣੇ ਮੁਨਾਫ਼ੇ ਤੋਂ ਮਤਲਬ ਹੁੰਦਾ...! ਤਾਹੀਂਓ ਤਾਂ ਉਹ ਅਜਿਹੇ ਕੰਮਾਂ 'ਚ ਅਜਿਹੀ ਲੇਬਰ ਨੂੰ ਲਾਉਂਦੇ ਨੇ... ਜੋ ਸਸਤੀ ਵੀ ਹੋਵੇ ਤੇ ਜੋ ਉਹਨਾਂ ਦਾ ਵਿਰੋਧ ਨਾ ਕਰ ਸਕਦੀ ਹੋਵੇ...

ਉੱਤੋਂ ਇਹ ਵਿਚਾਰੇ ਗ਼ਰੀਬ ਲੋਕ, ਜਿਹਨਾਂ ਲਈ ਪਹਿਲੀ ਜ਼ਰੂਰਤ ਹੀ ਉਹਨਾਂ ਦੀ ਦੋ ਵਕਤ ਦੀ ਰੋਟੀ ਹੁੰਦੀ ਹੈ, ਇਹ ਕਿੱਥੋਂ ਨਿਆਂ ਤੇ ਅਨਿਆਂ ਨੂੰ ਆਪਣੀ ਸਖ਼ਸ਼ੀ ਆਜ਼ਾਦੀ ਦੇ ਸੰਦਰਭ ਵਿੱਚ ਵੇਖਦੇ ਹੋਣਗੇ...! ਇਹ ਗ਼ਰੀਬ ਲੋਕੀਂ ਜੋ ਸ਼ਾਇਦ ਇਹ ਸਮਝਦੇ ਹਨ ਕਿ ਮਾਲਕਾਂ(ਉਤਪਾਦਨ ਦੇ ਮਾਲਕਾਂ) ਨੇ ਇਹਨਾਂ ਦੇ ਬੱਚਿਆਂ ਨੂੰ ਕੰਮ ਤੇ ਰੱਖ ਕੇ ਇਹਨਾਂ ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ, ਅਸਲ ਸਭਤੋਂ ਵੱਧ ਅਨਿਆਂ ਇਹਨਾਂ ਨਾਲ ਹੀ ਹੋ ਰਿਹਾ ਹੁੰਦਾ ਹੈ..!

ਮਾਲਕ ਇਹਨਾਂ ਦੇ ਹਿੱਤਾਂ ਦੀ ਕੋਈ ਪਰਵਾਹ ਨਹੀਂ ਕਰਦੇ... ਸਗੋਂ ਇਹ ਤਾਂ ਆਪਣੇ ਮਤਲਬ ਦੀ ਆੜ ਹੇਠ ਨਿਮਾਣੇ ਤੇ ਮਾਸੂਮ ਬੱਚਿਆਂ ਦੀ ਜਾਨ ਨੂੰ ਵੀ ਦਾਅ ਤੇ ਲਗਾ ਦਿੰਦੇ ਹਨ....!

ਭਾਜੀ ਦੀਆਂ ਇਹ ਗੱਲਾਂ ਮੇਰੇ ਦਿਲ 'ਚ ਉਤਰ ਗਈਆਂ ਸਨ ਤੇ ਮੈਨੂੰ ਯਕੀਨ ਹੈ ਕਿ ਉੱਥੇ ਖੜ੍ਹਾ ਹਰੇਕ ਸਖ਼ਸ਼, ਜੋ ਭਾਜੀ ਹੁਰਾਂ ਦੀਆਂ ਗੱਲਾਂ ਸੁਣ ਰਿਹਾ ਸੀ, ਇਹਨਾਂ ਸਭ ਗੱਲਾਂ ਤੋਂ ਸਹਿਮਤ ਹੋ ਚੁੱਕਿਆ ਸੀ।

.......

(ਸਮਾਪਤ)


**ਲੇਖਕ**

**ਸਿਮਰਨ ਲੁਧਿਆਣਵੀ**

**Instagram Id- simranludhianvi_7**

**Gmail Id- simranjeet.dhiman13@gmail.com**



**Read more stories from Simran at www.PunjabiLibrary.com**

ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com